੧ ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਪਹਿਲਾ ਉਭਾਰ

ਛਾਪਕ ਤੇ ਸੰਗ੍ਰਹਿ ਕਰਤਾ:-

ਨਾਮਧਾਰੀ ਸਾਹਿਤ ਸਭਾ,

ਸ੍ਰੀ ਜੀਵਨ ਨਗਰ [ਸਰਸਾ, ਜ਼ਿ: ਹਿਸਾਰ]

ਪਹਿਲੀ ਵਾਰ, ੧੦੦੦] [ਕੀਮਤ ੭੫ ਨਵੇਂ ਪੈਸੇ



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਧੰਨਵਾਦ !

* ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਦਾ, ਜਿਨ੍ਹਾਂ ਦੀ ਨਿੱਗਰ ਪਰੇਰਨਾ ਤੇ ਮੂਲ ਸਹਾਇਤਾ ਨਾਲ ਇਹ ਸੰਗ੍ਰਹਿ ਛਾਪਿਆ।

* ਉਨ੍ਹਾਂ ਪਾਰਖੂ ਸਰੋਤਿਆਂ ਦਾ ਜਿਨ੍ਹਾਂ ਸਾਡੇ ਕਵੀ ਦਰਬਾਰਾਂ ਵਿਚ ਸਾਨੂੰ ਸਲਾਹ ਕੇ ਤੇ ਮਾਣ ਦੇ ਕੇ ਸਾਡੇ ਵਿਚ ਸਵੈ-ਭਰੋਸਾ ਪੈਦਾ ਕੀਤਾ।

* ਆਪਣੀ ਸਾਹਿਤ ਸਭਾ ਦੇ ਕਵੀਆਂ ਦਾ ਜਿਨ੍ਹਾਂ ਆਪਣੀ ਅਮੁਲ ਰਚਨਾ ਨੂੰ ਇਸ ਸੰਗ੍ਰਹਿ ਦਾ ਸ਼ਿੰਗਾਰ ਬਣਾਇਆ।

* ਸੰਤ ਮੰਗਲ ਸਿੰਘ ਲਾਇਲਪੁਰੀ ਤੇ ਸ੍ਰੀ ਹਰਬੰਸ ਸਿੰਘ ਪ੍ਰਵਾਨਾ ਜੀ ਦਾ ਜਿਨ੍ਹਾਂ ਦੇ ਵਿਸ਼ੇਸ਼ ਉੱਦਮ ਤੇ ਅਣਥੱਕ ਮਿਹਨਤ ਨੇ ਇਹਨਾਂ ਫੁੱਲ-ਕਲੀਆਂ ਨੂੰ ਗੁਲਦਸਤਾ ਬਣਾ, ਤੁਹਾਡੀ ਭੇਟਾ ਕਰ ਦਿਤਾ।

—ਪ੍ਰੀਤਮ ਸਿੰਘ ਕਵੀ

ਰਾਮ ਕਹਾਣੀ

ਮੁਢ ਇੰਜ ਬੱਝਾ। ਸ੍ਰੀ ਸੰਤ ਰਾਮ ਉਦਾਸੀ ਨਾਮੀ ਇਕ ਹਰੀ-ਜਨ ਨਾਮਧਾਰੀ ਨੇ ਗਵਰਨਮੈਂਟ ਸਕੂਲਾਂ ਤੋਂ ਪ੍ਰਭਾਵਤ ਹੋ, ਆਪਣੇ ਹੁਣ ਦੇ ਪਿੰਡ ਸੰਤ ਨਗਰ ਆ ਕੇ ਨਾਮਧਾਰੀ ਨੌਜੁਆਨਾਂ ਨਾਲ ਡਰਾਮਾ ਖੇਡਣ ਦਾ ਸ਼ੌਕ ਦਸਿਆ, ਪਰ ਡਾਕਟਰ ਨਿਰੰਜਣ ਸਿੰਘ ਜੀ ਦੀ ਪ੍ਰੇਰਨਾ ਨੇ, ਨਾਟਕ-ਚੇਟਕ ਤੋਂ ਹੋੜ, ਕਵੀ-ਦਰਬਾਰ ਕਰਨ ਲਈ ਉਤਸ਼ਾਹਤ ਕੀਤਾ। ਅਤੇ ਪਿਛਲੇ ਸਾਲ ਦੇ ਵੈਸਾਖ (੨੦੧੭–ਅਪ੍ਰੈਲ ੧੯੬੦) ਮਹੀਨੇ ਸੰਤ ਨਗਰ ਦੇ ਕੁਝ ਬੱਚਿਆਂ ਨੇ ਆਪਣੇ ਖਰਚ ਤੇ ਲਾਊਡ ਸਪੀਕਰ ਤੇ ਸਟੇਜ ਦਾ ਪ੍ਰਬੰਧ ਕਰ ਪਿੰਡ ਦੇ ਇਸਤ੍ਰੀ ਪੁਰਸ਼ਾਂ ਨੂੰ, ਆਪਣੀਆਂ ਕਵਿਤਾਵਾਂ ਸੁਨਾਉਣ ਲਈ ਸੱਦਾ ਦਿਤਾ। ਸਟੇਜ ਨੂੰ ਦਰੁਸਤ ਤਰੀਕੇ ਨਾਲ ਸੰਭਾਲਣ ਲਈ, ਸਟੇਜ ਸਕੱਤ੍ਰੀ ਲਈ ਬੱਚਿਆਂ ਵਲੋਂ ਇਸ ਲੇਖਕ ਨੂੰ ਆਖਿਆ ਗਿਆ। ਬੱਚਿਆਂ ਦਾ ਇਹ ਉਤਸ਼ਾਹ ਲੇਖਕ ਲਈ ਇਕ ਨਵੇਂ ਜੁਗ ਦਾ ਬੁਲਾਵਾ ਸੀ। ਇਸਤਰ੍ਹਾਂ ਹੀ ਦੂਜੇ ਮਹੀਨੇ ਵੀ ਇਕ ਕਵੀ ਦਰਬਾਰ ਹੋ ਗਿਆ। ੮–੭ ਬਾਲ-ਕਵੀ, ਮਨ ਆਈ ਕਵਿਤਾ ਨੂੰ ਸਟੇਜ ਤੇ ਕਹਿ ਸੁਣਾਂਦੇ। ਕਰੀਬ ੨–੩ ਸੌ ਸਰੋਤੇ ਆਪਣੇ ਕਵੀਆਂ ਨੂੰ ਸੁਣਨ ਵੀ ਆ ਜਾਂਦੇ। ਲੇਖਕ ਨੇ ਜਦੋਂ ਜਾਣਿਆਂ ਕਿ ਕਵੀ-ਜਨ ਆਪਣੇ ਖਰਚ ਤੇ ਹਰ ਮਹੀਨੇ ਪਬਲਿਕ ਨੂੰ ਕਵੀ-ਦਰਬਾਰ ਸੁਣਾਨ ਦਾ ਪ੍ਰਬੰਧ ਕਰਦੇ ਹਨ ਤਾਂ ਇਸ ਦਾ ਮਨ ਇਸ ਭਾਰ ਤੋਂ ਛੁਟਕਾਰਾ ਦਿਵਾਣ ਅਤੇ ਇਸ ਲਹਿਰ ਨੂੰ ਪਕੇਰੀਆਂ ਲੀਹਾਂ ਤੇ ਪਾਣ ਲਈ ਉਤਾਵਲਾ ਹੋ ਗਿਆ।

ਅਤੇ ਫੇਰ, ਤੀਜੇ ਮਹੀਨੇ ਇਸ ਸਾਰੇ ਕਵੀ-ਸਮਾਜ ਦਾ ਨਾਮ

'ਨਾਮਧਾਰੀ ਸਾਹਿਤ ਸਭਾ ਸੰਤ ਨਗਰ' ਰਖਕੇ ਇਸਦੇ ਕੁਝ ਨਿਯਮ ਉਪ-ਨਿਯਮ ਘੜੇ ਗਏ ਅਤੇ ਇਲਾਕੇ ਦੇ ਕਵੀਆਂ ਨੂੰ ਇਸ ਸਭਾ ਦੇ ਵਿਚ ਜਥੇਬੰਦ ਕਰਨ ਲਈ ਕਦਮ ਪੁਟੇ ਗਏ। ਸਾਰੇ ਹੀ ਬਾਲ, ਬਿਰਧ, ਕਵੀਆਂ ਨੇ ਇਸਦਾ ਸੁਆਗਤ ਕੀਤਾ। ਹਰ ਮਹੀਨੇ ਇਕ ਸਮੱਸਿਆ ਦੇ ਦਿਤੀ ਜਾਂਦੀ, ਜਿਸਦੀ ਪੂਰਤੀ ਕਵੀ ਜਨ ਆਪਣੀ ਉਮਰ, ਤਜਰਬੇ ਤੇ ਉਡਾਰੀ ਦੀ ਪਹੁੰਚ ਅਨੁਸਾਰ ਕਰ ਲਿਆਉਂਦੇ। ਕਵਿਤਾਵਾਂ ਦੋ ਦਿਨ ਪਹਿਲਾਂ ਦਰੁਸਤ ਕਰਕੇ ਕਾਵਿਕ ਯੋਗਤਾ ਅਨੁਸਾਰ ਅੱਗੜ ਪਿਛੜ ਕਰ ਲਈਆਂ ਜਾਂਦੀਆਂ। ਹਰ ਮਹੀਨੇ ਮੁਕਰਰ ਤਾਰੀਖ ਤੇ ਕਵੀ ਦਰਬਾਰ ਹੋਣ ਲਗ ਪਿਆ ਅਤੇ ਦੂਰ ਨੇੜੇ ਦੇ ਨਗਰਾਂ ਦੇ ਲੋਕੀਂ ਵੀ ਬੜੇ ਉਤਸ਼ਾਹ ਨਾਲ ਕਵੀ ਦਰਬਾਰ ਦੀ ਤਾਰੀਖ ਉਡੀਕਦੇ। ਹਾਜ਼ਰੀ ੧॥ ਤੋਂ ੨ ਹਜ਼ਾਰ ਤਕ ਹੋਣ ਲਗ ਪਈ। ਪ੍ਰੇਰਨਾ ਅਧੀਨ ਸਾਧ ਸੰਗਤ ਵਲੋਂ ਅਪਣੇ ਕਵੀਆਂ ਨੂੰ ਨਕਦ ਦਾਦ ਵੀ ਨਸੀਬ ਹੋਣ ਲਗੀ। ਅਤੇ ਨਾਮਧਾਰੀ ਸਾਹਿਤ ਸਭਾ ਦੇ ਫੰਡ ਵਿਚ ਸਟੇਜ ਦਾ ਖਰਚ ਕਰਨ ਜੋਗੀ ਤਾਕਤ ਵੀ ਆ ਗਈ।

ਨਾਮਧਾਰੀ ਸਾਹਿਤ ਸਭਾ ਵਿਚ ਜਿਥੇ ੧੨-੧੫ ਸਾਲ ਦੇ ਬੱਚੇ ਆਪਣੇ ਕੱਚੇ, ਕੂਲੇ ਖਿਆਲ ਪੇਸ਼ ਕਰਦੇ ਸਨ ਓਥੇ ਸੰਤ ਬਿਸ਼ਨ ਸਿੰਘ ਜੀ ਨੰਗਲ, ਸੰਤ ਬਖਸ਼ੀਸ਼ ਸਿੰਘ ਜੀ ਸਫਰੀ, ਸੰਤ ਸ਼ਿੰਗਾਰਾ ਸਿੰਘ ਜੀ ਸ਼ਿੰਗਾਰ, ਸੰਤ ਜੀਊਣ ਸਿੰਘ ਜੀ ਕਵੀਸ਼ਰ ਅਤੇ ਸੰਤ ਤਰਨ ਸਿੰਘ ਜੀ ਵਹਿਮੀ ਆਦਿਕ ਨਾਮਧਾਰੀ ਜਗਤ ਦੇ ਜਾਣੇ ਪਛਾਣੇ ਕਵੀ ਵੀ ਪੂਰੀ ਦਿਲਚਸਪੀ ਨਾਲ ਭਾਗ ਲੈਂਦੇ।

ਅਸੀਂ ਅਜੇ ਸੋਚਦੇ ਹੀ ਪਏ ਸਾਂ ਕਿ ਕੁਝ ਸਿਆਣੇ ਹੋ ਕੇ ਵਕਤ ਦੇ ਹਾਕਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੇਵਾ ਵਿਚ ਇਹ ਕਾਵਿ ਗੁਲਦਸਤਾ ਪੇਸ਼ ਕਰੀਏ ਕਿ ਸ੍ਰੀ ਮਹਾਰਾਜ ਬੀਰ ਸਿੰਘ ਜੀ ਨੇ ਨਾਮਧਾਰੀ ਸਾਹਿਤ ਸਭਾ ਨੂੰ ਸ੍ਰੀ ਜੀਵਨ ਨਗਰ ਆ ਕੇ ਕਿਸੇ ਵੀ ਸਮਸਿਆ ਤੇ ਕਵੀ ਦਰਬਾਰ ਕਰਨ ਦਾ ਸੱਦਾ ਦਿਤਾ। ਸਾਨੂੰ ਡਰ ਸੀ ਕਿ ਕਿਵੇਂ ਆਪਣੇ ਸੁਹਿਰਦਾਂ ਤੇ ਸ੍ਰੀ ਮਹਾਰਾਜ ਜੀ ਦੀ ਸਿਆਣਪ

ਤੇ ਗੰਭੀਰਤਾ ਸਾਹਵੇਂ ਅਧ ਪੱਕੇ ਤੇ ਸਤਹੀ ਜਹੇ ਭਾਵ ਪੇਸ਼ ਕਰ ਸਕਾਂਗੇ ਤੇ ਕੀ ਪਤਾ ਉਹ ਨਾਰਾਜ਼ ਹੀ ਹੋਣ, ਸਾਡੇ ਢੰਗ ਵੰਗ ਤੋਂ, ਪਰ ਹੋਇਆ ਇਸਤੋਂ ਬਿਲਕੁਲ ਉਲਟ।

ਪਹਿਲੀ ਵਾਰ ਹਾੜ ਦੇ ਮਹੀਨੇ ਸ੍ਰੀ ਸਤਿਗੁਰੂ ਜੀ ਤੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਦੀ ਹਜ਼ੂਰੀ ਵਿਚ, ਕਰੀਬ ਪੰਜ ਹਜ਼ਾਰ ਲੋਕਾਂ ਦੇ ਸਾਹਵੇਂ ਨਾਮਧਾਰੀ ਸਾਹਿਤ ਸਭਾ ਦੇ ਕਵੀਆਂ ਨੇ ਦੇਸ਼ ਦੀ ਹਾਲਤ ਨੂੰ "ਸਾਡਾ ਝੁੱਗਾ ਸ਼ਰਾਬ ਉਜਾੜਿਆ ਏ" ਦੀ ਸਮਸਿਆ ਵਿਚ ਰੂਪਮਾਨ ਕੀਤਾ। ਸਤਿਗੁਰੂ ਜੀ ਤੇ ਸ੍ਰੀ ਮਹਾਰਾਜ ਜੀ ਨੇ ਨਾ ਸਿਰਫ ਚੰਗੇਰੇ ਸੁਝਾਵਾਂ ਨਾਲ ਬੱਚਿਆਂ ਨੂੰ ਦਾਦ ਹੀ ਦਿਤੀ ਸਗੋਂ ਅਗਲੇ ਦਿਨ ਉਚੇਚਿਆਂ ਕਵੀ-ਮੰਡਲ ਨੂੰ ਜਿਸਦੀ ਗਿਣਤੀ ਹੁਣ ੨੫ ਦੇ ਕਰੀਬ ਸੀ, ਉਚੇਚੇ ਤੌਰ ਤੇ ਸੱਦ ਕੇ ਅੰਬ ਚੁਪਾਏ ਤੇ ਦੁਧ ਪਿਆ-ਇਆ। ਕਵੀ ਜਨਾਂ ਨੂੰ ਧਿਆਨ ਹੋ ਆਇਆ ਕਿ ਸਾਡੇ ਪੂਜਯ ਸਤਿਗੁਰੂ ਦਾ ਸਾਡੇ ਸਿਰਾਂ ਤੇ ਹੱਥ ਹੈ ਤੇ ਸਾਡੀ ਸਫਲਤਾ ਯਕੀਨੀ ਹੈ।

ਸਾਹਿਤ ਸਭਾ ਨੇ ਹਰ ਗੁਣਵਾਨ ਨੂੰ ਆਪਣੇ ਸਟੇਜ ਤੇ ਲਿਆਂਦਾ। ਤਕਰੀਰਾਂ ਹੋਣ ਲਗੀਆਂ, ਸੰਗੀਤ ਗੂੰਜਣ ਲੱਗਾ ਤੇ ਸਾਜ਼ਾਂ ਦੀ ਟੁਣਕਾਰ ਵੀ ਰੌਣਕ ਦਾ ਭਾਗ ਬਣਨ ਲਗੀ। ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੀ ਪਹਿਲੀ ਬਰਸੀ, ਅੱਸੂ ਦੇ ਮੇਲੇ ਸਮੇਂ, ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ, ਉਹਨਾਂ ਸਭ ਕਵੀਆਂ ਨੂੰ ਸਨਮਾਨ ਦਿਤਾ ਗਿਆ ਜਿਹੜੇ ਅਗੇ ਆਜਜ਼ ਬਣਕੇ ਦੂਜਿਆਂ ਦੇ ਮੂੰਹਾਂ ਵਲ ਵੇਖਦੇ ਰਹਿੰਦੇ ਸਨ।

ਅੱਜ ਇਕ ਸਾਲ ਦੇ ਅਰਸੇ ਬਾਅਦ ਸਭਾ ਦੇ ਕਵੀਆਂ ਨੇ "ਪਹਿਲੇ-ਉਭਾਰ" ਦੇ ਨਾਂ ਨਾਲ ਆਪਣਾ ਕਾਵਿ ਸੰਗ੍ਰਹਿ ਪੇਸ਼ ਕਰਕੇ ਨਾਮਧਾਰੀ ਸਾਹਿਤ ਸਭਾ ਦੇ ਜਤਨਾਂ ਦਾ ਪਹਿਲਾ ਮੀਲ-ਪੱਥਰ ਗੱਡ ਦਿਤਾ ਗਿਆ ਹੈ। ਇਸਤੋਂ ਅਸੀਂ ਅਗਲੇਰੀਆਂ ਪ੍ਰਾਪਤੀਆਂ ਦਾ ਜਾਇਜ਼ਾ ਲੈ ਸਕਿਆ ਕਰਾਂਗੇ।

ਕਵਿਤਾਵਾਂ ਬਹੁਤੀਆਂ ਨਾਮਧਾਰੀ ਮਾਹੌਲ ਦੀਆਂ ਹਨ। ਲੋੜ

ਹੈ ਕਿ ਅਸੀਂ ਆਪਣੇ ਮਤ ਦਾ, ਰਵਾਇਤਾਂ ਦਾ, ਸ਼ੁਭ ਗੁਣਾਂ ਤੇ ਗੁਰੂ ਦੀਆਂ ਪ੍ਰੇਰਨਾਵਾਂ ਦਾ ਨਵੀਨ ਢੰਗ, ਨਵੀਨ ਛੰਦ ਅਤੇ ਅਸਰਦਾਰ ਸ਼ਬਦਾਂ ਤੇ ਅਲੰਕਾਰਾਂ ਨਾਲ ਪਰਚਾਰ ਵਿਸਥਾਰ ਕਰੀਏ। ਪਰ ਨਾਲ ਹੀ ਦੁਨਿਆਵੀ ਪੱਧਰ ਤੇ ਹੋ ਰਹੀ ਸਾਹਿਤ ਉੱਨਤੀ ਵਿਚ ਸ਼ੀਲਤਾ ਭਰੇ ਸ਼ਬਦਾਂ ਤੇ ਕਲਪਣਾਂ ਨਾਲ ਆਪਣਾ ਹਿੱਸਾ ਪਾਈਏ। ਕਵੀ ਜਨਾਂ ਨੇ 'ਪਹਿਲਾ ਉਭਾਰ' ਆਪਣੇ ਜਤਨਾਂ ਲਈ ਇਸ ਸੰਗ੍ਰਹਿ ਨੂੰ ਨਾਮ ਦਿਤਾ ਹੈ।

'ਪਹਿਲਾ ਉਭਾਰ' ਨਾਮਧਾਰੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੀ ਪਹਿਲੀ ਵਰ੍ਹੇ ਗੰਢ ਦੇ ਮੌਕੇ ਤੇ ਬੜੀ ਉਪਯੁਕਤ ਦੇਣ ਹੈ। ਅਸੀਂ ਧਿਆਨ ਕਰ ਸਕਦੇ ਹਾਂ ਕਿ ਇਹ ਦੇਣ, ਵਡੇਰੀਆਂ ਪ੍ਰਾਪਤੀਆਂ ਦਾ ਆਰੰਭ ਕਰੇਗੀ।

ਇਸ ਸੰਗ੍ਰਹਿ ਵਿਚ ਕਵੀਆਂ ਦੀ ਜਾਣ ਪਛਾਣ ਸਾਹਿਤ ਸਭਾ ਦੇ ਇਕ ਅਤਿ ਪਿਆਰੇ ਤੇ ਜਜ਼ਬਿਆਂ ਗੁੱਧੇ ਸਜਣ ਮਾ: ਅਮਰੀਕ ਸਿੰਘ ਜੀ, ਅਧਿਆਪਕ ਸ੍ਰੀ ਨਾਮਧਾਰੀ ਮਹਾ ਵਿਦਿਆਲਾ ਸ੍ਰੀ ਜੀਵਨ ਨਗਰ ਨੇ ਕਰਵਾਈ ਹੈ। ਇਸ ਵਿਚੋਂ ਅਮਰੀਕ ਸਿੰਘ ਜੀ ਦੀ ਚਟਕ ਅਤੇ ਉਨ੍ਹਾਂ ਦੇ ਗੀਤਾਂ ਵਿਚੋਂ ਉਨ੍ਹਾਂ ਦੀ ਲਟਕ ਦੇ ਆਪ ਵਾਕਫ ਹੋਵੋਗੇ।

ਕਵੀ-ਜਨਾਂ ਦੇ ਚਿਹਰੇ ਆਪ ਨਾ ਤਕ ਸਕਦੇ ਜੇ ਸਭਾ ਤੇ ਸ੍ਰੀ ਸਤਿਗੁਰੂ ਜੀ ਅਤੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਦੀ ਕ੍ਰਿਪਾ ਚਸ਼ਮੇਹਾਰ ਫੁਟ ਫੁਟ ਨਾ ਪੈਂਦੀ। ਉਂਜ ਤਾਂ ਸਭਾ ਤੇ ਆਦੋਂ ਅੰਤ ਤਕ ਸਾਰੀ ਕ੍ਰਿਪਾ ਹੀ ਸਤਿਗੁਰੂ ਜੀ ਦੀ ਰਹੀ ਹੈ ਤੇ ਰਹੇਗੀ, ਪਰ ਬਲਾਕਾਂ ਦਾ ਉਚੇਚਾ ਖਰਚ ਸ੍ਰੀ ਮਹਾਰਾਜ ਜੀ ਨੇ ਕਰਕੇ ਸਾਡੀ ਉਚੇਚੀ ਮਦਦ ਕੀਤੀ ਹੈ।

ਕਵਿਤਾਵਾਂ ਦੀ ਤਰਤੀਬ ਵਰੇਸ ਦੇ ਆਧਾਰ ਤੇ ਰਖੀ ਹੈ, ਤਾਕਿ ਨਵੇਂ ਕਵੀਆਂ ਤੇ ਪੁਰਾਣੇ ਅਨੁਭਵੀਆਂ ਦਾ ਪਰਸਪਰ ਮੁਕਾਬਲਾ ਕਰਕੇ ਜਾਚਿਆ ਜਾ ਸਕੇ ਕਿ ਨਵੀਂ ਪੀੜ੍ਹੀ ਕੇਹੋ ਜੇਹਾ ਦੁਖ ਲੈ ਰਹੀ ਹੈ।

ਸਾਨੂੰ ਉਹਨਾਂ ਸੰਭਾਵਨਾਵਾਂ ਦੀ ਕਿਰਨ ਲਿਸ਼ਕਦੀ ਨਜ਼ਰ ਪੈ

ਰਹੀ ਹੈ, ਜਿਸਤੋਂ ਨਵੀਨ ਨਾਮਧਾਰੀ ਸਾਹਿਤਕਾਰਾਂ ਦੇ, ਅਗਾਂਹ ਵਧਦੇ ਸਮਾਜ ਨਾਲ, ਕਦਮ ਮਿਲਾਕੇ ਤੁਰਨ ਦੀ ਸਮਰਥਾ ਪੈਦਾ ਹੋਵੇਗੀ।

ਸਭਾ ਦੇ ਪ੍ਰਧਾਨ (੧੯੬੦ ਈ: ਲਈ) ਸੰਤ ਤਰਨ ਸਿੰਘ ਜੀ ਵਹਿਮੀ ਨੇ ਵਡੇਰੀ ਉਮਰ ਤੇ ਘਣੇਰੀਆਂ ਨਿਜੀ ਜ਼ਿਮੇਂਵਾਰੀਆਂ ਵਿਚ ਜਿੰਨੀ ਸਾਹਿਤ ਸਭਾ ਨਾਲ ਦਿਲਚਸਪੀ ਲਈ ਹੈ, ਉਸ ਤੋਂ ਆਪ ਵਿਸ਼ੇਸ਼ ਧੰਨਵਾਦ ਦੇ ਪਾਤਰ ਹਨ। ਨਵੀਂ ਚੋਣ ਵਿਚ ਭਾਵੇਂ ਆਪ ਨੇ ਪ੍ਰਧਾਨਗੀ ਪਦ ਦੀ ਜ਼ਿਮੇਂਵਾਰੀ ਤੋਂ ਅਲਹਿਦਾ ਹੋਣ ਦੀ ਜ਼ਬਰਦਸਤ ਖਾਹਸ਼ ਦੱਸੀ ਹੈ, ਪਰ ਅਸੀਂ ਆਸ ਕਰਦੇ ਹਾਂ ਕਿ ਉਹ ਆਪਣੀ ਹਰ ਤਰ੍ਹਾਂ ਦੀ ਮਿਲਵਰਤਨ ਸਭਾ ਨੂੰ ਦੇ ਕੇ ਉਸਦੀ ਉੱਨਤੀ ਵਿਚ ਸਹਾਈ ਹੋਣਗੇ।

ਨਵੀਂ ਪ੍ਰਬੰਧਕ ਟੀਮ ਵਿਚ (੧੯੬੧ ਈ: ਦੇ ਸਾਲ ਲਈ) ਪ੍ਰਧਾਨ ਮਾ: ਨਿਹਾਲ ਸਿੰਘ ਜੀ ਮੁਖ ਅਧਿਆਪਕ ਨਾਮਧਾਰੀ ਮਹਾ ਵਿਦਿਆਲਾ ਸ੍ਰੀ ਜੀਵਨ ਨਗਰ, ਮੀਤ ਪ੍ਰਧਾਨ ਡਾ: ਨਿਰੰਜਣ ਸਿੰਘ ਜੀ ਤੇ ਸੰਤ ਬਿਸ਼ਨ ਸਿੰਘ ਜੀ ਨੰਗਲ, ਜ: ਸਕਤ੍ਰ ਪ.ਸ.ਕ., ਤਾਲਮੇਲ ਸਕਤ੍ਰ ਮਾ: ਅਮਰੀਕ ਸਿੰਘ ਜੀ ਨਾ: ਮਹਾ ਵਿਦਿਆਲਾ, ਸਕਤ੍ਰ ਮਾ: ਅਜੀਤ ਸਿੰਘ ਜੀ, ਖਜ਼ਾਨਚੀ ਸ੍ਰੀ ਬਲਬੀਰ ਸਿੰਘ ਜੀ ਢਿੱਲੋਂ, ਮੈਂਬਰ ਸ੍ਰੀ ਸੰਤੋਖ ਸਿੰਘ ਜੀ ਤੇ ਸ੍ਰੀ ਜਸਵੰਤ ਸਿੰਘ ਜੀ ਜੈਸ਼ ਚੁਣੇ ਗਏ ਹਨ। ਉਮੀਦ ਹੈ ਇਹ ਟੀਮ ੧੯੬੧ ਵਿਚ ਸਭਾ ਨੂੰ ਹੋਰ ਵੀ ਲਿਸ਼ਕਾ ਪੁਸ਼ਕਾ ਕੇ ਨਾਮਧਾਰੀ ਜਨਤਾ ਤੇ ਪੰਜਾਬੀ ਸਾਹਿਤ ਸੇਵੀਆਂ ਦੀ ਸੇਵਾ ਵਿਚ ਜੁੱਟੀ ਰਹੇਗੀ।

ਸ੍ਰੀ ਜੀਵਨ ਨਗਰ
੨੩.੩.੬੧.

[ਪ੍ਰੀਤਮ ਸਿੰਘ ਕਵੀ

ਵੈਦ ਨਿਰੰਜਨ ਸਿੰਘ



ਸੰਤ ਨਗਰ ਆਇਆਂ ਜੇ ਤੁਹਾਨੂੰ ਕਦੇ ਰੱਬ ਨਾ ਕਰੇ ਕੋਈ ਸਰੀਰਕ ਤਕਲੀਫ ਹੋ ਜਾਏ, ਤਾਂ ਤੁਹਾਨੂੰ ਵੈਦ ਹੁਰਾਂ ਦੇ ਜ਼ਰੂਰ ਦਰਸ਼ਨ ਕਰਨੇ ਪੈਣਗੇ। ਤੁਹਾਡੀ ਅੱਧੀ ਤਕ-ਲੀਫ ਇਹ ਆਪਣੀ ਰਸ ਭਰਪੂਰ ਬੋਲ ਚਾਲ ਨਾਲ ਹੀ ਦੂਰ ਕਰ ਦੇਣਗੇ।

ਵੈਦ ਹੁਰੀਂ ਨਾ ਤੇ ਕਵੀ ਹਨ ਅਤੇ ਨਾ ਹੀ ਅਗੋਂ ਕਵਿਤਾ ਲਿਖਣ ਦਾ ਇਰਾਦਾ ਰਖਦੇ ਹਨ, ਪਰ ਤੁਸੀਂ ਹੈਰਾਨ ਹੋਵੋਗੇ ਕਿ 'ਨਾਮਧਾਰੀ ਸਾਹਿਤ ਸਭਾ' ਨੂੰ ਹੋਂਦ ਵਿਚ ਲਿਔਣ ਵਿਚ ਇਹਨਾਂ ਸਭ ਤੋਂ ਵਧ ਮੇਹਨਤ ਕੀਤੀ ਹੈ ਅਤੇ ਇਸ ਨੂੰ ਚੜ੍ਹਦੀਆਂ ਕਲਾਂ ਵਿਚ ਵੇਖਣ ਦੇ ਸਦਾ ਇੱਛਕ ਹਨ। ਸਭਾ ਦੇ ਮੀਤ ਪ੍ਰਧਾਨ ਵੀ ਹਨ।

ਵੈਦ ਹਰਨਾਮ ਸਿੰਘ ਜੀ ਦੁਗੈਚ ਹਾਲ ਸੰਤ ਨਗਰ ਦੇ ਸਪੁਤਰ ਹਨ। ਆਪ ਦੀ ਉਮਰ ੨੯–੩੦ ਸਾਲ ਦੇ ਲੱਗ ਪੱਗ ਹੈ। ਇਹਨਾਂ ਦਾ ਆਪਣਾ ਸਰੀਰ ਭਾਵੇਂ ਦੁਬਲਾ ਹੀ ਹੈ, ਪਰ ਦੂਸਰਿਆਂ ਨੂੰ ਤਾਕਤਵਰ ਤੇ ਮੋਟੇ ਬਣਾਨ ਦੀ ਇਹ ਬਲਵਾਨ ਸ਼ਕਤੀ ਰਖਦੇ ਹਨ।

ਗੁਰਭਜਨ ਸਿੰਘ



ਜੇ ਤੁਸੀਂ ਕਿਸੇ ਮਨੁੱਖੀ ਸਰੀਰ ਦੀ, ਮੂੰਹ ਖੋਲ੍ਹਦੀ ਕਲੀ ਨਾਲ ਜਾਂ ਬਹਾਰ ਵਿਚ ਫੁਟਦੀਆਂ ਲਗਰਾਂ ਨਾਲ ਤੁਲਨਾ ਕਰਨਾ ਚਾਹੋ ਤਾਂ ਨਿਰ-ਸੰਦੇਹ 'ਗੁਰਭਜਨ' ਇਸ ਤੁਲਨਾ ਲਈ ਸੌ ਫੀ ਸਦੀ ਪੂਰਾ ਪੂਰਾ ਉਤਰੇਗਾ।

ਇਸ ਨੌਜਵਾਨ ਨੇ ਜ਼ਿਲਾ ਸ਼ੇਖੂ ਪੁਰਾ ਦੇ ਇਕ ਪਿੰਡ ਪਿੰਡੀ ਦਾਸ ਵਿਚ ਮਿਸਤ੍ਰੀ ਹਰਨਾਮ ਸਿੰਘ ਜੀ ਦੇ ਘਰ ਜਨਮ ਲਿਆ। ਅੱਜ ਕਲ ਇਹ ਸੰਤ ਨਗਰ (ਜ਼ਿ: ਹਿਸਾਰ) ਦਾ ਵਸਨੀਕ ਹੈ।

ਨਿਰੀ ਕਵਿਤਾ ਹੀ ਨਹੀਂ, ਲੇਖਾਂ ਵਲ ਵੀ ਇਹਦੀ ਬਹੁਤ ਰੁਚੀ ਹੈ ਅਤੇ ਛੇਤੀ ਹੀ ਨਾਮਧਾਰੀ ਜਗਤ ਜਿਸ ਨਵੇਂ ਲਿਖਾਰੀ ਨਾਲ ਪਰਚਿਤ ਹੋਵੇਗਾ, ਉਹ ਗੁਰਭਜਨ ਹੀ ਹੈ। ਭਾਵੇਂ ਇਹਦੇ ਘਰ ਦੇ ਇਸਨੂੰ ਸਾਹਿਤ ਵਲੋਂ ਵਰਜਦੇ ਹੀ ਰਹਿੰਦੇ ਹਨ, ਕਿਉਂਕਿ ਉਹਨਾਂ ਦੇ ਖਿਆਲ ਵਿਚ ਇਹ ਨਿਰੀ ਮਗਜ਼ ਮਾਰੀ ਤੇ ਵਿਹਲੇ ਬੰਦੇ ਦਾ ਕੰਮ ਹੈ, ਪਰ ਇਹਦਾ ਅੰਦਰਲਾ ਸਾਹਿਤਕਾਰ ਇਹਨਾਂ ਪਰਦਿਆਂ ਵਿਚ ਨਹੀਂ ਰਹਿਣ ਲੱਗਾ!

ਨਾਮਧਾਰੀ ਮਹਾਂ ਵਿਦਿਆਲਾ ਸ੍ਰੀ ਜੀਵਨ ਨਗਰ ਵਿਚ ਉਹ ਦਸਵੀਂ ਦਾ ਵਿਦਿਆਰਥੀ ਹੈ ਜਿਸ ਉਤੇ ਸਾਰੇ ਵਿਦਿਆਲੇ ਨੂੰ ਮਾਣ ਹੈ ਅਤੇ ਆਲੇ ਦੁਆਲੇ ਨੂੰ ਵੀ ਇਸ ਤੇ ਬਹੁਤ ਆਸਾਂ ਹਨ। ਪੜ੍ਹਾਈ, ਲਿਖਾਈ ਤੇ ਖੇਡਾਂ—ਗੱਲ ਕੀ ਹਰ ਵਿਸ਼ੇ ਤੇ ਸਦਾ ਅੱਵਲ ਰਹਿਣ ਦਾ ਜਤਨ ਕਰਦਾ ਹੈ ਅਤੇ ਬਹੁਤਿਆਂ ਵਿਚੋਂ ਅੱਵਲ ਹੀ ਆਉਂਦਾ ਹੈ।

ਨੌਂ

ਮੰਜ਼ਿਲ ਪਹੁੰਚ

ਸਾਡੇ ਸਿਰੋਂ ਗ੍ਰਹੁ ਅਜ ਟਲਿਆ,
ਜਦ ਆਸਾਂ ਦਾ ਬੂਰ ਹੈ ਫਲਿਆ,
ਜਿੰਦ-ਧਰਤੀ ਮੁੜ ਧੜਕ ਪਈ ਏ,
ਜੋ ਗ਼ਮ ਬਦਲਾਂ ਘੇਰੀ ।
ਅਸਾਂ ਅਥਰੂ ਡੋਲ੍ਹ ਡੋਲ੍ਹ ਕੇ,
ਬ੍ਰਿਹਾ-ਤ੍ਰੁੰਘਾਣਾਂ ਭਰ ਨੇ ਲਈਆਂ,
ਗਮੀਆਂ ਦੀ ਬੇ-ਤਰਸ ਕੰਧੜੀ,
ਹੋ ਗਈ ਏ ਢਹਿ ਢੇਰੀ ।
ਮੇਰੇ ਦਿਲ ਦੀ ਧਰਤੀ ਸਖਣੀ,
ਕਲਰ ਜੋ ਉਪਜਾਂਦੀ ਰਹਿੰਦੀ,
ਉਗਮ ਪਿਆ ਉਥੇ ਇਕ ਬੂਟਾ,
ਚਾਵਾਂ ਪਾਈ ਫੇਰੀ ।
ਖੁਸ਼ੀ-ਫਸਲ ਇਕ ਦਮ ਹੈ ਉਗੀ,
ਰੀਝਾਂ ਦੇ ਨੇ ਮਹਿਕੇ ਕੇਸਰ,
ਕੂੜਾ ਕਰਕਟ ਦੁਖ ਦਾ ਸਾਰਾ,
ਹੁੰਝ ਗਈ ਖੁਸ਼ੀ ਹਨੇਰੀ ।
ਤੂਫਾਨਾਂ ਨੇ ਮੂੰਹ ਦੀ ਖਾਧੀ,
ਫੇਰ ਫਿਜ਼ਾ ਅਜ ਦਏ ਹੁੰਗਾਰਾ,
ਪੰਜੇ ਨੇ ਅਜ ਘਿਉ ਦੇ ਅੰਦਰ,
ਕਹਿ ਕੰਢੇ ਦੀ ਬੇੜੀ ।
ਬੰਦ-ਕਲੀ ਆ ਹੱਸੇ ਇਥੇ,
ਸੁਖ ਦਾ ਦਾਤਾ ਵੱਸੇ ਇਥੇ,
ਸੂਰਜ ਵਾਂਗ ਖਿਲਾਰੇ ਚਾਨਣ,
ਇਹ ਹੈ ਮੰਜ਼ਿਲ ਮੇਰੀ

ਦੱਸ

ਬਸੰਤ

ਸਿੱਖੀ ਬਾਗ 'ਚ ਪੱਤ ਝੜ ਜਦੋਂ ਆ ਕੇ,
ਬਾਲੀ ਵਾਂਗਰਾਂ ਖਿਚਿਆ ਤਾਨ ਸਾਰਾ।
ਕੀਹ ਵਰਤਿਆ ਬੀਤਿਆ ਨਾਲ ਫੁੱਲਾਂ,
ਉਹ ਤੇ ਜਾਣਦੈ ਆਪ ਜਹਾਨ ਸਾਰਾ।
ਦਸਮ ਗੁਰੂ ਦੀ ਰਸਮ ਨੂੰ ਸਭ ਭੁੱਲੇ,
ਕੀਤਾ ਭਸਮ ਸੀ ਸੱਚ ਦਾ ਸ਼ਾਨ ਸਾਰਾ।
ਬੂਟੇ ਸਭ ਹੀ ਵਢ ਵਢ ਜਾਏ ਸੁਟੀ,
ਲਗਾ ਕਲੂ ਦਾ ਕੂੜ ਦੀ ਸਾਨ ਆਰਾ।

ਸੁਣੀ ਓਦੋਂ ਸੁਗਰੀਵ ਦੀ ਅਰਜ਼ ਸਾਈਂ,
ਕੀਤਾ ਬਾਲੀ ਦਾ ਰਾਮ ਨੇ ਅੰਤ ਆ ਕੇ।
ਖਿਜ਼ਾਂ ਉਡ ਗਈ ਭੈੜਿਆਂ ਦਿਨਾਂ ਵਾਂਗੂੰ,
ਕੀਤਾ ਦਿਲਾਂ ਤੇ ਰਾਜ ਬਸੰਤ ਆ ਕੇ।

ਰਾਤ ਮੁਕ ਗਈ ਤੇ ਸੂਰਜ ਮੁਖੀਆਂ ਲਈ,
ਨਵਾਂ ਪੂਰਬੋਂ ਚੜ੍ਹਿਆ ਏ ਭਾਨ ਕੋਈ।
ਐਪਰ ਉੱਲੂ ਤੇ ਚਾਮਚੜਿਕ ਨੂੰ ਵੀ,
ਪੱਟੀ ਅੱਖਾਂ ਤੇ ਆ ਗਿਆ ਲਾਨ ਕੋਈ।
ਸੁੱਕੇ ਪੱਤੇ ਜਿਉਂ ਨ੍ਹੇਰ ਉਡਾਂਵਦਾ ਏ,
ਇਵੇਂ ਆ ਗਿਆ ਪਾਪ ਉਡਾਣ ਕੋਈ।
ਨੂਰ ਰਮਿਆ ਕੁਲ ਬ੍ਰਹਿਮੰਡ ਅੰਦਰ,
ਸੱਚ ਸੁੱਚ ਦਾ ਮਟਕਿਆ ਮਾਣ ਕੋਈ।

ਬੁਲ-ਬੁਲ ਦੇ ਬੁਲ੍ਹਾਂ ਚੋਂ ਖੁਸ਼ੀ ਡੁਲ੍ਹੇ,
ਕਲੀ ਬੰਦ ਹਸਾਈ ਭਗਵੰਤ ਆ ਕੇ।
ਪਹੁ ਫੁਟੇ ਤੇ ਤਾਰੇ ਜਿਉਂ ਜਾਂਵਦੇ ਨੇ,
ਖਿਜ਼ਾਂ ਇਉਂ ਭਜਾਈ ਬਸੰਤ ਆ ਕੇ।

ਯਾਰਾਂ

ਉੱਲੀ ਚਾਵਾਂ ਦੇ ਉਪਰੋਂ ਦੂਰ ਹੋਈ,
ਕੰਵਲ ਦਿਲਾਂ ਦੇ ਸਭ ਵਿਗੱਸ ਪਏ।
ਮਹਿਕੇ ਰੀਝਾਂ ਦੇ ਕੇਸਰ ਕਿਆਰਿਆਂ 'ਚ,
ਮੀਂਹ ਖੁਸ਼ੀ ਦੇ ਉਹਨਾਂ ਤੇ ਵੱਸ ਪਏ।
ਆਸ-ਨਗਰ ਪੁਜ ਜਾਣ ਦੀ ਆਸ ਹੋਈ,
ਬੱਦਲ ਨਾ-ਉਮੀਦਾਂ ਦੇ ਨੱਸ ਗਏ।
ਸੱਚ ਚਿੜੀ ਜੱਦ ਵਿਹੜੇ 'ਚ ਗੌਣ ਲੱਗੀ,
ਭਾਰਤ ਮਾਤਾ ਦੇ ਭਾਗ ਵੀ ਹੱਸ ਪਏ।

ਧਰਤੀ ਅਤੇ ਅਕਾਸ਼ ਸੀ ਮੇਲ ਪਏ,
ਮੌਲੀ ਦੁਨੀਆਂ ਵੀ ਖੁਸ਼ੀ ਦੇ ਮੰਤ ਗਾ ਕੇ।
ਪੱਤ ਝੜ ਗੁਲਾਮੀ ਦੀ ਦੂਰ ਕੀਤੀ,
ਭਾਗਾਂ ਭਰੀ ਹੋਈ ਏਸ ਬਸੰਤ ਆ ਕੇ।

ਟੁਟੀ ਤੰਦ ਪਿਆਰ ਦੀ ਗਈ ਗੰਢੀ,
ਹਰੀ ਦੁਖਾਂ ਦੀ ਅਜ ਹੈ ਕਾਰ ਹੋਈ।
ਨਵੇਂ ਸਿਰਿਉਂ ਅਜ ਏਕਤਾ ਤਾਰ ਟੁਣਕੀ,
ਨਜ਼ਰ ਆਂਵਦੀ ਖਿੜੀ ਗੁਲਜ਼ਾਰ ਓਹੀ।
ਪੰਛੀ ਅਣਖ ਦੇ ਆਲ੍ਹਣੀ ਫੇਰ ਆਏ,
ਚਿਣਗ ਮਘ ਪਈ ਦੇਸ਼ ਪਿਆਰ ਸੋਈ।
ਭਰਿਆ ਬੀਰਤਾ ਸਾਕੀ ਤੋਂ ਜਾਮ ਪੀਕੇ,
ਇਕ ਮੰਜ਼ਿਲ ਦੀ ਇਕ ਹੀ ਡਾਰ ਹੋਈ।

ਬੇੜੀ ਦੇਸ਼ ਦੀ ਡੋਲਦੀ ਪਾਰ ਕੀਤੀ,
ਚਪੂ ਜਾਨ ਦਾ ਸੂਰਮੇ-ਸੰਤ ਲਾ ਕੇ।
'ਭਜਨ' ਹਸ਼ਰ ਤਕ ਖਿਜ਼ਾਂ ਅਧੀਨਤਾ ਦਾ,
ਖੁਰਾ ਮੇਟਿਆ ਏਸ ਬਸੰਤ ਆ ਕੇ।

—o—

ਬਾਰਾਂ

ਗੁਰਮੇਲ ਸਿੰਘ 'ਦੀਪਕ'



'ਦੀਪਕ' ਅਜ ਸ਼ਾਇਦ ਇਹ ਕੁਝ ਨਾ ਹੁੰਦਾ ਜੋ ਕੁਝ ਕਿ ਉਹ ਹੈ ਜੇ ਇਹਦੇ ਵਡੇ ਵੀਰ ਬਲਬੀਰ 'ਢਿਲੋਂ' ਤੇ ਦ੍ਰਿੜ੍ਹ ਇਰਾਦਿਆਂ ਦੀ ਮਾਲਿਕਾ ਇਹਦੀ ਮਾਤਾ ਦੀਆਂ ਅਸੀਸਾਂ ਇਹਦੇ ਨਾਲ ਨਾ ਹੁੰਦੀਆਂ।

ਉਹਦੇ ਨਾਲ ਗਲ ਬਾਤ ਕਰਦਿਆਂ ਆਪ ਨੂੰ ਮਹਿਸੂਸ ਹੋਵੇਗਾ ਕਿ 'ਦੀਪਕ' ਇਕ ਦਿਨ ਜ਼ਰੂਰ ਹਨੇਰੇ ਦਿਲਾਂ ਵਿਚ ਚਾਨਣ ਕਰੇਗਾ।

ਉਮਰ ਇਹਦੀ ਭਾਵੇਂ ੧੭ ਸਾਲ ਦੀ ਹੀ ਹੈ, ਪਰ ਸਰੀਰ ਵਲੋਂ ਪੂਰੇ ਜਵਾਨਾਂ ਦਾ ਮੁਕਾਬਲਾ ਕਰਦਾ ਹੈ। ਜਦੋਂ ਕਦੇ ਸਾਹਿਤ ਤੇ ਜਾਂ ਕਿਸੇ ਹੋਰ ਗੱਲ ਤੇ ਬਹਿਸ ਛਿੜ ਪਵੇ ਤਾਂ ਅਗਲੇ ਨੂੰ ਸਰੀਰਕ ਰੁਹਬ ਨਾਲ ਵੀ ਮਨਾਉਣ ਦੀ ਕੋਸ਼ਿਸ਼ ਕਰਦਾ ਹੈ।

ਲੇਖਣੀ ਇਹਦੀ ਦਿਨੋ ਦਿਨ ਨਿਖਰ ਰਹੀ ਹੈ।

ਅਜ ਕਲ ਗੌਰਮਿੰਟ ਹਾਈ ਸਕੂਲ ਰਾਣੀਆਂ ਵਿਚ ਨਾਵੀਂ ਕਲਾਸ ਦਾ ਇਕ ਯੋਗ ਵਿਦਿਆਰਥੀ ਹੈ। ਚੰਗਾ ਖਰਚ ਤੇ ਵਧੀਆ ਰਹਿਣੀ ਬਹਿਣੀ ਆਪਣਾ ਜਮਾਂਦਰੂ ਹੱਕ ਸਮਝਦਾ ਹੈ।

ਮੁੱਲ ਕੁਰਬਾਨੀਆਂ ਦਾ

ਸੋਹਣੀ ਹੀਰ ਅਜ਼ਾਦੀ ਨੂੰ ਵਰਨ ਖ਼ਾਤਰ,
ਕਈਆਂ ਰਾਂਝਿਆਂ ਨੇ ਜਾਨਾਂ ਵਾਰੀਆਂ ਨੇ ।
ਕੁਝ ਤਾਂ ਗੋਲੀਆਂ ਨਾਲ ਸ਼ਹੀਦ ਹੋ ਗਏ,
ਕਈਆਂ ਫਾਸੀਆਂ ਚੁੰਮ ਸਵਾਰੀਆਂ ਨੇ ।
ਹਸਦੇ ਭਗਤ ਸਿੰਘ ਦਾਰ ਤੇ ਲਏ ਝੂਟੇ,
ਲਾਜਪੱਤ ਨੇ ਡਾਂਗਾਂ ਸਹਾਰੀਆਂ ਨੇ ।
ਜੇਲ੍ਹ ਯਾਤਰਾ ਕੀਤੀ ਜਵਾਹਰ ਗਾਂਧੀ,
ਸਹੀਆਂ ਹੋਰ ਮੁਸੀਬਤਾਂ ਭਾਰੀਆਂ ਨੇ ।

ਹੈਣ ਉਹ ਵੀ ਕਿ ਜਿਨ੍ਹਾਂ ਦਾ ਪਤਾ ਨਾਹੀਂ,
ਸਾਡੀ ਜੰਗਿ-ਅਜ਼ਾਦੀ ਦੇ ਬਾਨੀਆਂ ਦਾ ।
ਬੂਟਾ ਕੋਈ ਲਾਵੇ ਖਾਵੇ ਫਲ ਕੋਈ,
ਫੇਰ ਪੈਂਦਾ ਏ ਮੁੱਲ ਕੁਰਬਾਨੀਆਂ ਦਾ ।

ਇਸ ਝੰਡੇ ਨੂੰ ਆਓ ਪ੍ਰਣਾਮ ਕਰੀਏ,
ਗੀਤ ਦੇਸ਼ ਪਿਆਰ ਦੇ ਗਾ ਲਈਏ ।
ਜਿਨ੍ਹਾਂ ਦੇਸ਼ ਖਾਤਰ ਜਾਨਾਂ ਵਾਰੀਆਂ ਨੇ,
ਫੁੱਲ ਸ਼ਰਧਾ ਦੇ ਭੇਟ ਚੜ੍ਹਾ ਲਈਏ ।
ਸਦਕਾ ਜਿਨ੍ਹਾਂ ਦੇ ਖੁਸ਼ੀ ਮਨਾ ਰਹੇ ਹਾਂ,
ਚਰਨੀ ਉਨ੍ਹਾਂ ਦੀ ਸੀਸ ਝੁਕਾ ਲਈਏ ।
ਹਥੀਂ ਲਾਏ ਹੋਏ ਉਨ੍ਹਾਂ ਦੇ ਬੂਟੜੇ ਨੂੰ,
ਆਓ ਰਲ ਸਾਰੇ ਪਾਣੀ ਪਾ ਲਈਏ ।

ਜਿਨ੍ਹਾਂ ਵਾਰ ਆਪਾ ਮੁੱਢ ਪੁਟ ਦਿਤਾ,
ਏਸ ਦੇਸ਼ ਚੋਂ ਜ਼ਾਲਮ ਬਰਤਾਨੀਆਂ ਦਾ ।
ਆਉਣ ਵਾਲੀਆਂ ਨਸਲਾਂ ਵੀ ਯਾਦ ਕਰਸਣ,
ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ ।

ਵੈਦਾਂ

ਨਾਮ ਉਨ੍ਹਾਂ ਦੇ ਰੌਸ਼ਨ ਜਹਾਨ ਉਤੇ,
ਹੁਸਨ ਦੇਸ਼ ਲਈ ਜਿਨ੍ਹਾਂ ਲੁਟਾ ਦਿਤਾ।
ਸਾਡੇ ਦਿਲਾਂ ਵਿਚ ਉਨ੍ਹਾਂ ਦੀ ਯਾਦ ਵੱਸੇ,
ਜਿਨ੍ਹਾਂ ਦਾਗ ਗੁਲਾਮੀ ਮਿਟਾ ਦਿਤਾ।
ਮੁਰਦਾ ਕੌਮ ਜੋ ਹੋਈ ਸੀ ਹਿੰਦੀਆਂ ਦੀ,
ਉਹਨਾਂ ਜਾਨ ਦੇ ਇਹਨੂੰ ਜਿਵਾ ਦਿਤਾ।
ਖ਼ੂਨ ਡੋਹ੍ਹਕੇ ਆਪਣੇ ਸੀਨਿਆਂ ਦਾ,
ਕਿਸਮਤ ਹਾਰਦੀ ਤਾਈਂ ਜਿਤਾ ਦਿਤਾ।

ਆਓ ਪ੍ਰਣ ਕਰੀਏ ਝੰਡੇ ਹੇਠ ਹੋ ਕੇ,
ਨਾਮ ਹੋਏ ਉੱਚਾ ਹਿੰਦੁਸਤਾਨੀਆਂ ਦਾ।
ਮਰਨਾ ਕੌਮ ਲਈ 'ਦੀਪਕ' ਹੈ ਭਲਾ ਹੁੰਦਾ,
ਮੁਲ ਪੈਂਦਾ ਏ ਸਦਾ ਕੁਰਬਾਨੀਆਂ ਦਾ।



ਜਸਵੰਤ ਸਿੰਘ 'ਜੋਸ਼' ਖਿਹਾਲਵੀ



ਸਹੀ ਨਾਮਧਾਰੀ ਪਹਿਰਾਵਾ ਤੇ ਅਤੀ ਨਰਮ ਬੋਲ-ਚਾਲ ਪੇਸ਼ ਕਰਦਾ ਹੋਇਆ ਇਹ ਗਭਰੂ ਏਨੀ ਛੋਟੀ ਉਮਰ ਵਿਚ ਜਿਸ ਤੇਜ਼ੀ ਨਾਲ ਕਾਵਿ ਸਾਹਿਤ ਵਲ ਵੱਧ ਰਿਹਾ ਹੈ, ਖਿਆਲ ਕੀਤਾ ਜਾ ਸਕਦਾ ਹੈ ਕਿ ਇਹ ਜਵਾਨ ਕਿਸੇ ਦਿਨ ਕੁਝ ਬਣਕੇ ਹੀ ਦਮ ਲਵੇਗਾ।

ਜਸਵੰਤ ਸਿੰਘ, ਭਗਤ ਹਜ਼ਾਰਾ ਸਿੰਘ ਜੀ ਖਿਹਾਲਾ ਜ਼ਿਲਾ ਅੰਮ੍ਰਿਤਸਰ ਦਾ ਨੂਰੇ-ਨਜ਼ਰ ਹੈ। ਨਿਮ੍ਰਤਾ, ਤਿਆਗ ਤੇ ਧਾਰਮਕ ਰੁਚੀ ਇਸ ਨੂੰ ਵਿਰਸੇ ਵਿਚ ਮਿਲੇ ਹਨ। ਭਗਤ ਹੁਰੀਂ ਕਿਸੇ ਪਰੀਚੇ ਦੇ ਮੁਥਾਜ ਨਹੀਂ। ਇਸ ਜ਼ਮਾਨੇ ਵਿਚ 'ਮਾਣ ਹੁੰਦੇ ਹੋਏ ਨਿਮਾਣਾ, ਤਾਣ ਹੁੰਦੇ ਹੋਏ ਨਿਤਾਣਾ' ਦੇ ਅਸੂਲ ਤੇ ਪਰਪੱਕ ਹਨ।

੧੮ ਕੁ ਸਾਲ ਦਾ ਇਹ ਜਵਾਨ ਨਾਮਧਾਰੀ ਮਹਾਂਵਿਦਿਆਲੇ ਦਾ ਇਕ ਆਦਰਸ਼ਕ ਵਿਦਿਆਰਥੀ ਰਹਿ ਚੁਕਾ ਹੈ।

ਕਵਿਤਾ ਵਿਚ ਇਹਦੇ ਕੋਮਲ ਭਾਵ ਪੜ੍ਹਨ ਵਾਲੇ ਨੂੰ ਵੀ ਕੋਮਲਤਾ ਦਾ ਰੂਪ ਬਣਾ ਦਿੰਦੇ ਹਨ। ਹਰ ਗੱਲ ਵਿਚ ਹਾਸੇ ਤੇ ਖ਼ੁਸ਼ੀਆਂ ਵੰਡਦਾ ਆਪਣੀ ਕੌਮ ਤੇ ਦੇਸ਼ ਦੀ ਉਸਾਰੀ ਦੀਆਂ ਗੱਲਾਂ ਕਰਦਾ ਤੁਸੀਂ ਇਸਨੂੰ ਤੱਕੋਗੇ।

ਸੋਲ੍ਹਾਂ

ਸ਼ਹੀਦਾਂ ਨੂੰ ਸ਼ਰਧਾਂਜਲੀ

ਸਾਕਾ ਕੌਮੀ ਸ਼ਹੀਦਾਂ ਦਾ ਦਰਦ ਭਰਿਆ,
ਪੜ੍ਹਕੇ ਤੁਸਾਂ ਦੇ ਤਾਈਂ ਸੁਨਾਣ ਲੱਗਾ।
ਮੇਰੇ ਦਿਲ ਦੇ ਵਹਿਣ ਨਾ ਜਾਣ ਰੋਕੇ,
ਭੇਟਾ ਹੰਝੂਆਂ ਹਾਰ ਚੜ੍ਹਾਣ ਲੱਗਾ।
ਵੇਖ ਬੀਰਤਾ ਉਹਨਾਂ ਮਸਤਾਨਿਆਂ ਦੀ,
ਮੇਰੇ ਸੀਨੇ ਅਨਿਆਲੜਾ ਬਾਣ ਲੱਗਾ।
ਰੋਂਦੇ ਦਿਲਾਂ ਨੂੰ ਹੋਰ ਰੁਵਾ ਕੇ ਤੇ,
ਪੱਥਰ ਦਿਲਾਂ ਨੂੰ ਮੋਮ ਬਨਾਣ ਲੱਗਾ।
ਇਸ ਭਾਰਤ ਦੇ ਨਾਜ਼ਕ ਜਿਹੇ ਹੁਸਨ ਉੱਤੇ,
ਟੁਟੀ ਜ਼ੁਲਮ ਦੀ ਬਿਜਲੀ ਸੀ ਕਹਿਰ ਵਾਲੀ।
ਫੜ ਗੋਰਿਆਂ ਦੁਖੀ ਮਜ਼ਲੂਮ ਕੀਤੇ,
ਧੁਪ ਕੜਕੀ ਸੀ ਸਿਤਮ ਦੁਪਹਿਰ ਵਾਲੀ।
ਆਪ ਮਰ ਅਮੱਰ ਕਰ ਹਿੰਦ ਦਿਤੀ,
ਇਹ ਹਿਸਟਰੀ ਹੈ ਕੂਕਾ ਲਹਿਰ ਵਾਲੀ।
ਕਲਮ ਉਹਨਾਂ ਨੂੰ ਲਖ ਪ੍ਰਨਾਮ ਕਰਦੀ,
ਲਿਖ ਸਕਦੀ ਮਤ ਨਾ ਸ਼ਾਇਰ ਵਾਲੀ।
ਕਾਰਨਾਮਾ ਅਦੁਤੀ ਹੈ ਬਿਸ਼ਨ ਸਿੰਘ ਦਾ,
ਪਾ ਸਿਖ ਇਤਿਹਾਸ ਦਾ ਮੁੱਲ ਗਿਆ।
ਮੌਤੋਂ ਜਿੰਦਗੀ ਲਭਨ ਵਰਿਆਮ ਲੱਗਾ,
ਚੜ੍ਹ ਤੱਕੜੀ ਧਰਮ ਦੀ ਤੁੱਲ ਗਿਆ।
ਅੱਖਾਂ ਮੇਰੀਆਂ ਅਗੇ ਉਹ ਫਿਲਮ ਫਿਰਦੀ,
ਕੀ ਸਾਕਾ ਉਹ ਅਸਾਂ ਨੂੰ ਭੁੱਲ ਗਿਆ?
ਧੂਆਂ ਤੋਪ ਦਾ ਵੇਖੋ ਅਹੁ ਪੇਚ ਖਾਂਦਾ,
ਹੀਰਾ ਹਿੰਦ ਦਾ ਜਿਸ ਵਿਚ ਰੁਲ ਗਿਆ।

ਤੂੰਬਾ ਤੂੰਬਾ ਹੋ ਗਹਿਰਾ ਅਕਾਸ਼ ਕਰਕੇ,
ਜ਼ੁਲਮੀ ਸੂਰਜ ਦਾ ਤੇਜ ਮੁਕਾ ਦਿਤਾ।
ਤੋਪ ਗੂੰਜ ਪਈ ਜੀਵਣ ਪੈਗਾਮ ਬਣਕੇ,
ਮੌਤ ਰਾਣੀ ਦਾ ਸੀਨਾ ਧੜਕਾ ਦਿਤਾ।
ਉੜ ਹਵਾ ਨੂੰ ਪਾ ਗਲਵੱਕੜੀ ਲਈ,
ਮੱਥੇ ਖ਼ੂਨ ਦਾ ਤਿਲਕ ਟਮਕਾ ਦਿਤਾ।
ਮਾਤ ਭੂਮੀ ਦੇ ਰੇਤ ਦੇ ਕਿਨਕਿਆਂ ਨੂੰ,
ਸੂਰਜ ਵਾਂਗਰਾਂ ਚਮਕ-ਚਮਕਾ ਦਿਤਾ।
ਵਾਹ ਜੁਗ ਪਲਟਾਊਆ ਸਿਖ ਤੇਰੇ,
ਅਸਲ ਬੰਦਗੀ ਨੂੰ ਜਿਨ੍ਹਾਂ ਜਾਣ ਲਿਆ।
ਰਸੇ ਰੇਸ਼ਮੀਂ ਸੂਖਮੀਂ ਤੰਦ ਵਿਚੋਂ,
ਤੇਰਾ ਸੂਖਮ ਜਿਹਾ ਰੂਪ ਪਛਾਣ ਲਿਆ।
ਅਸਲ ਜ਼ਿੰਦਗੀ ਨੂੰ ਤੇਰੇ ਕੂਕਿਆਂ ਨੇ,
ਖ਼ੂਨੀ ਤੋਪਾਂ ਦੇ ਮੂੰਹਾਂ ਚੋਂ ਛਾਣ ਲਿਆ।
"ਸ਼ੁਭ ਕਰਮਨ ਤੇ ਕਬਹੂੰ ਨਾ ਟਰੂੰ",
ਜਾਂ ਫਿਰ ਇਹ ਫੁਰਮਾਨ ਪਹਿਚਾਣ ਲਿਆ।
ਤੇਰੇ ਬਾਗੀਆਂ ਦੀ ਬਾਗੀ ਘਾਲ ਉਤੇ,
ਭਾਰਤ ਵਰਸ਼ ਨੂੰ ਬਹੁਤ ਹੀ ਮਾਣ ਰਹਿਸੀ।
ਵਜਦਾ ਸਾਜ ਰਹੂ ਵਤਨ ਦੇ ਆਸ਼ਕਾਂ ਦਾ,
ਜਿੰਨਾ ਚਿਰ ਇਹ ਜ਼ਿਮੀਂ ਅਸਮਾਨ ਰਹਿਸੀ।
ਜ਼ੱਰਾ ਜ਼ੱਰਾ ਬਗ਼ਾਵਤ ਪਿਆ ਕੂਕਦਾ ਏ,
ਵਿਚ ਕੋਟਲੇ ਕੱਲਰ ਨਿਸ਼ਾਨ ਰਹਿਸੀ।
ਰਹੂ ਗੂੰਜਦਾ ਬਾਗੀ ਪੈਗਾਮ ਸਾਰੇ,
ਜਿੰਨਾ ਚਿਰ ਜ਼ਿੰਦਾ ਹਿੰਦੁਸਤਾਨ ਰਹਿਸੀ।
ਮਸਤੀ ਵਤਨ ਪਿਆਰ ਦੀ ਵਿਚ ਆ ਕੇ,
ਇਹਨਾਂ ਵਤਨ ਲਈ ਹੁਸਨ ਲੁਟਾ ਦਿਤਾ।

ਗੋ-ਪਾਲ ਤੇ ਸੂਫ਼ੀ ਫਕੀਰ ਬਣਕੇ,
ਇਹਨਾਂ ਜ਼ੁਲਮੀਂ ਨਿਸ਼ਾਨ ਬਣਾ ਦਿਤਾ।
ਸਿਰ ਧੜ ਦੀਆਂ ਬਾਜ਼ੀਆਂ ਲਾ ਇਹਨਾਂ,
ਨਕਸ਼ਾ ਭਾਰਤ ਵਰਸ਼ ਦਾ ਸੀ ਪਲਟਾ ਦਿਤਾ।
ਸੰਤ ਰੂਪ ਚੋਂ ਬੀਰਾਂ ਦਾ ਰੂਪ ਬਣਕੇ,
ਇਹਨਾਂ ਆਪਣਾ ਆਪ ਵਟਾ ਦਿਤਾ।
ਪਹਿਲਾਂ ਤਲੀ ਤੇ ਸੀਸ ਧਰ ਵਣਜ ਕੀਤਾ,
ਫਿਰ ਮਰਤਬਾ ਪਾਇਆ ਕੁਰਬਾਨੀਆਂ ਦਾ।
ਕਾਰਨਾਮਾ ਇਤਹਾਸ ਵਿਚ ਰਹੂ ਜ਼ਿੰਦਾ,
ਪੱਕੇ ਧਰਮ ਦੇ ਸਚੇ ਬਲਵਾਨੀਆਂ ਦਾ।
ਮਿੱਟੀ ਕੋਟਲੇ ਦੀ ਵਿਚ ਚਮਕਦਾ ਏ,
ਕਤਰਾ ਖ਼ੂਨ ਜੋ ਸੂਰੇ ਤੂਫਾਨੀਆਂ ਦਾ।
ਕੂਕ ਕੂਕ ਆਖੇ "ਜੋਸ਼" ਜਗ ਸਾਰਾ,
ਇਹ ਕਾਫਲਾ ਹੈ ਬ੍ਰਹਮ ਗਿਆਨੀਆ ਦਾ।

ਪਿਆਰ ਤੇਰਾ

ਖਿਮਾਂ, ਸ਼ੀਲਤਾ, ਨੇਕੀ, ਉਪਕਾਰ, ਸਚ ਸੁਚ,
ਮਾਨਵ ਧਰਮ ਨੂੰ ਸਦਾ ਫੈਲਾਉਣ ਵਾਲਾ।
ਏਕੇ, ਅਮਨ, ਅਹਿੰਸਾ ਤੇ ਦੋਸਤੀ ਦਾ,
ਸਾਰੇ ਦੇਸ਼ ਵਿਚ ਝੰਡਾ ਝੁਲਾਉਣ ਵਾਲਾ।
ਯਗ ਹਮਨ ਤੇ ਲੰਗਰ ਭੰਡਾਰ ਖੋਲ੍ਹੇ,
ਇੱਕੋ ਨਾਮ ਅਕਾਲ ਜਪਾਉਣ ਵਾਲਾ।
ਦੇ ਕੇ ਦਿਲੀ ਪਿਆਰ ਦਾਤਾਰ ਮੇਰਾ,
ਹਰ ਜੀਵ ਨੂੰ ਗਲੇ ਲਗਾਉਣ ਵਾਲਾ।

ਉੱਚਾ ਚਮਕਿਆ ਵਾਂਗ ਸਤਾਰਿਆਂ ਦੇ,
ਦਾਤਾ ਇਕ ਇਕ ਕੀਤਾ ਉਪਕਾਰ ਤੇਰਾ।
ਹਰ ਬਸ਼ਰ ਦੀ 'ਜੋਸ਼' ਅਵਾਜ਼ ਇਹੋ,
ਯਾਦ ਰਹੇਗਾ ਸਦਾ ਪਿਆਰ ਤੇਰਾ।

ਕਿਸਮਤ ਸੜ ਸੰਸਾਰ ਦੀ ਹੋਈ ਕੋਲਾ,
ਕਹਿਰੀ ਦਿਨ ਪੰਜ ਭਾਦਰੋਂ ਆਉਣ ਲੱਗਾ।
ਕੂਕਾਂ ਮਾਰੀਆਂ ਕੂਕਿਆਂ ਉਸ ਵੇਲੇ,
ਚਿਖਾ ਚੜ੍ਹ ਪ੍ਰਤਾਪ ਜਾਂ ਸੌਣ ਲੱਗਾ।
ਪੰਥ ਮਾਹੀ ਪਿਆਰੇ ਦੀ ਚਿਖਾ ਉਤੇ,
ਥਾਂ ਫੁੱਲਾਂ ਦੀ ਹੰਝੂ ਬਰਸਾਉਣ ਲੱਗਾ।
ਭੁੱਬਾਂ ਮਾਰ ਰੋਇਆ ਭਾਰਤ ਵਰਸ਼ ਸਾਰਾ,
ਲੰਬੂ ਹੱਥੀਂ ਦਲੀਪ ਜਾਂ ਲਾਉਣ ਲੱਗਾ।

ਹਰ ਕੋਈ ਵਾਂਗ ਪਤੰਗੇ ਦੇ ਤੜਪ ਆਖੇ,
ਹਾਏ ਛੁਪ ਗਿਆ ਕਿਥੇ ਦਿਲਦਾਰ ਮੇਰਾ।
ਉਤੋਂ ਲੰਘਦੀ ਹਵਾ ਵੀ ਕਹੇ ਰੋ ਕੇ,
ਯਾਦ ਰਹੇਗਾ ਸਦਾ ਪਿਆਰ ਤੇਰਾ।

ਜੀਵਨ ਜੋਤ ਮੇਰੀ ਜਗਤ ਨੂਰ ਸੈਂ ਤੂੰ,
ਜੀਵਨ ਕੌਰ ਦੀਆਂ ਅੱਖਾਂ ਦੇ ਨੂਰ ਚੰਨਾ।
ਰਾਹੀ ਹੋ ਗਿਉਂ ਜੋਗਿਆ ਛੱਡ ਕੂਕੇ,
ਸਿੱਖੀ ਹੀਰ ਦੀਆਂ ਆਸਾਂ ਦੇ ਬੂਰ ਚੰਨਾ।
ਸੱਸੀ ਤੜਫਦੀ ਥਲਾਂ ਦੇ ਵਿਚ ਰਹੇਗੀ,
ਪੁੰਨੂੰ ਬਣ ਲਕੋਇਆ ਸਰੂਰ ਚੰਨਾ।
ਕਾਹਨ ਗੋਪੀਆਂ ਰੋਂਦੀਆਂ ਛੱਡ ਤੁਰਿਆ,
ਸਾਡੇ ਪਿਆਰ ਪਿਆਲੇ ਕਰਕੇ ਚੂਰ ਚੰਨਾ।

ਲਿਆਉਂਦੇ ਲਿਆਉਂਦੇ ਪ੍ਰਦੇਸੀ ਨੂੰ ਆਪ ਤੁਰਨਾ
ਮਾਹੀ ਨਹੀਂ ਸੀ ਇਹ ਇਕਰਾਰ ਤੇਰਾ।
ਸੁਹਣੀ ਵਾਂਗਰਾਂ ਜਾਵਾਂ ਝਨਾਂ ਟੁੜ੍ਹਦੀ,
ਨਹੀਂ ਭੁਲਦਾ ਪੀਆ ਪਿਆਰ ਤੇਰਾ।

ਫਿਲਮ ਵਾਂਗਰਾਂ ਪਿਆਰੀ ਤਸਵੀਰ ਤੇਰੀ,
ਅੱਖਾਂ ਮੇਰੀਆਂ ਦੇ ਅਗੇ ਆ ਰਹੀ ਏ।
ਪੂਰਨ ਵਾਂਗਰਾਂ ਪੱਲਾ ਛੁਡਾ ਤੁਰਿਓਂ,
ਸੰਗਤ ਸੁੰਦਰਾਂ ਤੈਨੂੰ ਬੁਲਾ ਰਹੀ ਏ।
ਕਿਥੇ ਤੁਰ ਗਿਆ ਪਿਆਰਾ ਮਹਿਬੂਬ ਸਾਡਾ,
ਉੱਚੀ ਬਾਂਹ ਕਰ ਸਿੱਖੀ ਕੁਰਲਾ ਰਹੀਏ।
ਸੁਹਣੇ ਨੀਂਗਰਾ ਤੇਰੇ ਸੁਹਾਗ ਬਾਝੋਂ,
ਭੈਣੀ ਕਿਸਤਰ੍ਹਾਂ ਕੀਰਨੇ ਪਾ ਰਹੀ ਏ।

ਇਕੀ

ਗਊਆਂ ਸੁਟ ਧੌਣਾ ਸਾਵਨ ਝੜੀ ਲਾਈ,
ਹਸਤ ਕਮਲਾਂ ਦਾ ਲੱਭਣ ਅਧਾਰ ਤੇਰਾ।
ਭੈਣੀ ਸਾਹਿਬ ਦੇ ਪੰਛੀ ਵੀ ਕਹਿਣ ਰੋ ਕੇ,
ਯਾਦ ਰਹੇਗਾ ਸਦਾ ਪਿਆਰ ਤੇਰਾ।

ਰੋਂਦੇ ਜ਼ਿਮੀਂ ਅਸਮਾਨ ਨਾ ਜਾਣ ਝੱਲੇ,
ਤਾਰੇ ਅੰਬਰੋਂ ਹੰਝੂ ਵਹਾਉਣ ਲੱਗੇ।
ਗੋਤਮ ਵਾਂਗਰਾਂ ਕਈਆਂ ਤਿਆਗ ਕੀਤਾ,
ਧੂੜੀ ਸਿਵੇ ਦੀ ਸਿਰਾਂ 'ਚ ਪਾਉਣ ਲੱਗੇ।
ਸਹਿਮ ਗਈਆਂ ਬਹਾਰਾਂ ਤੇ ਬੁਲਬੁਲਾਂ ਵੀ,
ਫੁੱਲ ਹੱਸਦੇ ਹੰਝੂ ਬਰਸਾਉਣ ਲੱਗੇ।
ਹਿੰਦੂ, ਸਿਖ ਕੀ ਰੋ ਰੋ ਕੇ ਮਜ਼੍ਹਬ ਸਾਰੇ,
ਤੈਨੂੰ ਸ਼ਰਧਾ ਦੇ ਫੁੱਲ ਚੜ੍ਹਾਉਣ ਲੱਗੇ।

ਮਖਲੂਕਾਤ ਦੇ ਸਾਂਝਿਆ ਰਾਂਝਿਆ ਵੇ,
ਸਾਰੇ ਦਿਲਾਂ ਦੇ ਵਿਚ ਸਤਿਕਾਰ ਤੇਰਾ।
ਹਰ ਕੋਈ ਕਹੇ ਮੇਰਾ "ਜੋਸ਼" ਕਹੇ ਮੇਰਾ,
ਯਾਦ ਰਹੇਗਾ ਸਦਾ ਪਿਆਰ ਤੇਰਾ।

ਝਾਈ

ਸੰਤ ਰਾਮ 'ਉਦਾਸੀ'



ਉਦਾਸੀ ਸ਼ਬਦ ਪੜ੍ਹਕੇ ਆਪ ਦੇ ਦਿਲ ਵਿਚ, ਸਿਰਾਂ ਵਿਚ ਸੁਆਹ ਪਾਈ, ਲੰਗੋਟੀ ਪਹਿਨੀਂ, ਜੜਾਵਾਂ ਵਾਲੇ ਉਦਾਸੀ ਸੰਤਾਂ ਦਾ ਨਕਸ਼ਾ ਆ ਜਾਵੇਗਾ, ਪਰ ਸਾਡਾ ਇਹ ਉਦਾਸੀ ਤੁਹਾਨੂੰ ਇਸ ਦੇ ਬਿਲਕੁਲ ਉਲਟ ਪ੍ਰਤੀਤ ਹੋਵੇਗਾ ।

ਪਤਾ ਨਹੀਂ ਇਸ ਨੇ ਆਪਣਾ ਨਾਉਂ ਉਦਾਸੀ ਕਿਉਂ ਰਖ ਲਿਆ ਹੈ, ਕਿਉਂਕਿ ਅਸੀਂ ਇਹਨੂੰ ਹਰ ਦੁਨਿਆਵੀ ਕੰਮ ਵਿਚ ਜੁਟਿਆ ਹੋਇਆ ਦੇਖਦੇ ਹਾਂ । ਮੈਟ੍ਰਿਕ ਪਾਸ ਕਰ ਕੇ ਅੱਜ ਕਲ ਬੇਸਿਕ ਟਰੇਨਿੰਗ ਲੈ ਰਿਹਾ ਹੈ ।

ਕੋਈ ਓਭੜ ਨਹੀਂ, ਪ੍ਰਕਾਸ਼ ਰਾਇਸਰੀ ਦਾ ਛੋਟਾ ਵੀਰ ਹੀ ਤਾਂ ਹੈ ਤੇ ਪ੍ਰਕਾਸ਼ ਨੂੰ ਵੀ ਸਾਹਿਤਕ ਲਗਣ ਏਸੇ ਨੇ ਹੀ ਲਾਈ ਹੈ ।

ਲਿਬਾਸ ਤੇ ਨਾਉਂ ਵਲੋਂ ਭਾਵੇਂ ਨਹੀਂ ਪਰ ਦਿਲੋਂ ਇਕ ਪੱਕਾ ਨਾਮਧਾਰੀ ਹੈ । ਕੌਮ ਅਤੇ ਦੇਸ਼ ਦੀ ਸੇਵਾ ਕਰਨੀ ਇਹਦੀ ਜ਼ਿੰਦਗੀ ਦਾ ਮਨੋਰਥ ਹੈ ।

ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ

ਕਸਮ ਰਬ ਦੀ ਇਹੋ ਏ ਚਾਅ ਮੈਨੂੰ,
ਹੋਵੇਂ ਚੰਨ ਤੇ ਮੈਂ ਚਕੋਰ ਹੋਵਾਂ ।
ਹੋਵੇਂ ਸਾਵਣ ਦੀ ਰੁਤ ਦਾ ਮੇਘਲਾ ਤੂੰ,
ਪੈਲਾਂ ਪਾਂਵਦਾ ਇਕ ਮੈਂ ਮੋਰ ਹੋਵਾਂ ।
ਕਿਰਨ ਤੇਰੇ ਪਿਆਰ ਦੀ ਰਹੇ ਮਿਲਦੀ,
ਭਾਵੇਂ ਵਸਦਾ ਵਿਚ ਅੰਧ-ਘੋਰ ਹੋਵਾਂ ।
ਆਵੇ ਲੋਰ ਪਿਆਰ ਦਾ ਤਦੋਂ ਮੈਨੂੰ,
ਤੇਰੇ ਚਰਨਾਂ ਦੀ ਤਕਦਾ ਤੋਰ ਹੋਵਾਂ ।
ਹੋਵੇਂ ਫੁਲ ਤੇ ਗੂੰਜਾਂ ਮੈਂ ਭੌਰ ਬਣਕੇ,
ਤੇਰੇ ਮੇਰੇ ਪਿਆਰ ਦੀ ਰੀਤ ਨਿਭਜੈ ।
ਬਿਨਾਂ ਏਸ ਮੰਗੋਂ ਹੋਰ ਮੰਗਣਾ ਕੀਹ,
ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ ।
ਰੱਬੀ ਸ਼ਕਤੀਆਂ ਨੇ ਤੇਰੀ ਜੋਤ ਅੰਦਰ,
ਭਾਰਤ ਮਾਂ ਦਾ ਸਿਪਾਹ ਸਲਾਰ ਹੈਂ ਤੂੰ ।
ਰਾਖਾ ਤੂੰ ਏਂ ਅਮਨ ਤੇ ਏਕਤਾ ਦਾ,
ਸਾਰੇ ਵਿਸ਼ਵ ਦਾ ਜੀਵੇਂ ਸਰਦਾਰ ਹੈਂ ਤੂੰ ।
ਹਿੰਦੂ, ਸਿੱਖ, ਮੁਸਲਿਮ ਤੈਨੂੰ ਕਰਨ ਸਜਦੇ,
ਸਾਰੇ ਮਜ਼ਬਾਂ ਦਾ ਸਾਂਝਾ ਅਵਤਾਰ ਹੈਂ ਤੂੰ ।
ਮਦਦਗਾਰ ਹੈਂ ਪੀਆ ਉਦਾਸੀਆਂ ਦਾ,
ਹੇਠਾਂ ਡਿਗਿਆਂ ਦਾ ਪੱਕਾ ਯਾਰ ਹੈਂ ਤੂੰ ।
ਇਕ ਤੇਰੀ ਮੁਸਕਾਨ ਦੀ ਲੋੜ ਸਾਕੀ,
ਹੋਰ ਲੋੜ ਨਾ, ਮੇਰੀ ਪ੍ਰਤੀਤ ਨਿਭਜੈ ।
ਮੈਨੂੰ ਤਾਜ ਤੇ ਤਖਤ ਦੀ ਲੋੜ ਨਾਹੀਂ,
ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ ।

ਛਵੀ

ਪ੍ਰਕਾਸ਼ ਸਿੰਘ ਰਾਇ ਸਰੀ



ਗੋਦੜੀ ਚੋਂ ਲਾਲ ਲੱਭ ਪੈਣਾ, ਕਲਰ ਚੋਂ ਕੰਵਲ ਖਿੜ ਪੈਣਾ ਆਦਿ ਮੁਹਾਵਰੇ ਸ਼ਾਇਦ ਸਾਡੇ ਲਈ ਬੁਝਾਰਤ ਹੀ ਬਣੇ ਰਹਿੰਦੇ ਜੇ ਗਰੀਬ ਮਾਂ ਬਾਪ ਦੇ ਘਰ ਜੰਮਿਆ ਸਾਂਵਲੇ ਰੰਗ ਦਾ ਇਕ ਜਵਾਨ ਤੁਹਾਡੇ ਸਾਹਮਣੇ ਕਵਿਤਾ ਦੇ ਮੋਤੀ ਨਾ ਬਖੇਰ ਦਿੰਦਾ।

ਇਹ 'ਪ੍ਰਕਾਸ਼' ਰਾਇ ਸਰੀ ਹੀ ਹੈ।

ਮਾਲਵੇ ਦੀ ਨਾਭੀ ਵਿਚੋਂ ਇਹ ਮ੍ਰਿਗ, ਖੁਸ਼ਬੋ ਲਭਦਾ ਲਭਦਾ ਸਣੇ ਪ੍ਰਵਾਰ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਆ ਗਿਆ, ਪਰ ਜਦੋਂ ਇਹਦੀ ਖੁਸ਼ਬੋ ਦਾ ਇਸਨੂੰ ਪਤਾ ਲਗਾ ਤਾਂ ਆਪੇ ਤੇ ਹੀ ਖੀਵਾ ਤੇ ਮਸਤ ਹੋ ਗਿਆ।

ਅੱਜ ਕੱਲ ਨਾਮਧਾਰੀ ਮਹਾ ਵਿਦਿਆਲੇ ਦੀ ਰਾਤ ਦੀ ਰਖਵਾਲੀ ਦੀ ਸੇਵਾ ਕਰ ਰਿਹਾ ਹੈ ਅਤੇ ਕਾਵਿ ਸਾਹਿਤ ਵਿਚ ਇਕ ਜਿਤਵੀਂ ਉਡਾਰੀ ਲਾਉਣ ਲਈ ਪਰ ਤੋਲ ਰਿਹਾ ਹੈ।

ਆਪਣੀ ਹਰ ਵਿਸ਼ੇ ਦੀ ਕਵਿਤਾ ਦੇ ਬੰਦਾਂ ਵਿਚ ਇਸ਼ਕੀਆ ਤਸ਼ਬੀਹਾਂ ਦੇਣੀਆਂ ਇਹਦੇ ਖੱਬੇ ਹੱਥ ਦਾ ਕੰਮ ਹੈ।

ਸੱਚੇ ਪਾਤਸ਼ਾਹ ਏਕਤਾ ਦਾਨ ਦੇਵੋ

ਤੁਸੀਂ ਤਖਤ ਸਵਰਗਾਂ ਦੇ ਮੱਲ ਬੈਠੇ,
ਏਥੇ ਫੁਟ ਪਈ ਮਾਰ੍ਹਾੜਾ ਮਾਰ ਦੀ ਏ।
ਸਾਰੇ ਮੁਲਕ ਦੇ ਸੀਨੇ ਨੂੰ ਚਾਕ ਕਰਕੇ,
ਹੁਣ ਪਈ ਕੂਕਿਆਂ ਤਾਈਂ ਵੰਗਾਰ ਦੀ ਏ।
ਮਸਾਂ ਹੋਈ ਕੱਠੀ ਜੇਹੜੀ ਨਾਲ ਜਤਨਾਂ,
ਤੇਰੀ ਪੂੰਜੀ ਨੂੰ ਭੈੜੀ ਖਿਲਾਰ ਦੀ ਏ।
ਲੈ ਕੇ ਮਦਦ ਜ਼ਮਾਨੇ ਦੀ ਚੰਦਰੀ ਇਹ,
ਹੱਥ ਅਗਾਹਾਂ ਹੀ ਅਗਾਂਹ ਪਸਾਰ ਦੀ ਏ।

ਬੇਸ਼ਕ ਕਾਲ ਗਰਸੇ ਸਾਨੂੰ ਲੱਖ ਵਾਰੀ,
(ਐਪਰ) ਏਸ ਡੈਣ ਦੇ ਹੱਥ ਨਾ ਜਾਨ ਦੇਵੋ।
ਖੜਾ ਤੇਰੀ ਦਲ੍ਹੀਜ ਤੇ ਅੱਡ ਝੋਲੀ,
ਸੱਚੇ ਪਾਤਸ਼ਾਹ ਏਕਤਾ ਦਾਨ ਦੇਵੋ।

ਕਰਕੇ ਕਾਨਫਰੰਸਾਂ ਕਈ ਏਕਤਾ ਲਈ,
ਨੰਮੀ ਫੁਟ ਦੀ ਮੈਲ ਖਰੋਚਦੇ ਸਓ।
ਮੁਸਲਿਮ ਸਿਖ ਈਸਾਈ ਤੇ ਹਿੰਦੂਆਂ ਨੂੰ,
ਇਕੋ ਲੜੀ ਦੇ ਵਿਚ ਪਰੋਚਦੇ ਸਓ।
ਹੋਵੇ ਦੇਸ਼ ਖੁਸ਼ਹਾਲ ਤੇ ਟਹਿਕ ਮਹਿਕੇ,
ਚਾਤ੍ਰਿਕ ਵਾਂਗ ਆਜ਼ਾਦੀ ਨੂੰ ਲੋਚਦੇ ਸਓ।
ਲੱਖਾਂ ਜਤਨ ਕੀਤੇ ਤੁਸਾਂ ਏਕਤਾ ਲਈ,
ਪੱਟੀ ਦੂਈ ਦਵੈਤ ਦੀ ਪੋਚਦੇ ਸਓ।

ਜਤਨ ਤੁਸਾਂ ਦੇ ਵਤਨ ਦੀ ਸ਼ਾਨ ਬਦਲੀ,
ਹੁਣ (ਪਰ) ਸਾਡੇ ਜਤਨ ਨਿਮਾਣੇ ਨੂੰ ਤਾਨ ਦੇਵੋ।
ਥੋੜੇ ਨਾਮ ਨੂੰ ਹੋਰ ਚਮਕਾ ਦਈਏ,
ਸੱਚੇ ਪਾਤਸ਼ਾਹ ਏਕਤਾ ਦਾਨ ਦੇਵੋ।

ਤੇਰੇ ਪੂਰਨੇ ਪਾਇਆਂ ਤੇ ਚਲ ਪ੍ਰੀਤਮ,
ਗਾਂਧੀ ਬਣੇ ਕਈ ਲਾਲ ਜਵਾਹਰ ਹੋ ਗਏ।
ਰਾਜ ਗੁਰੂ, ਸੁਖਦੇਵ ਤੇ ਲਾਜਪਤ ਜੀ,
ਭਗਤ ਸਿੰਘ ਜਹੇ ਕਈ ਸਰਦਾਰ ਹੋ ਗਏ।
ਚੜੇ ਲਾੜੀ ਆਜ਼ਾਦੀ ਦੀ ਜੰਞ ਸੈਆਂ,
ਸੇਹਰੇ ਬੰਨ੍ਹ ਕੇ ਘੋੜੀ ਅਸਵਾਰ ਹੋ ਗਏ।
ਸਾਰਾ ਦੇਸ਼ ਜਦ ਏਕਤਾ ਰੂਪ ਬਣਿਆਂ,
ਗੋਰੇ ਬਿਸਤਰੇ ਬੰਨ ਫਰਾਰ ਹੋ ਗਏ।

ਘਾਟਾ ਅਜ ਵੀ ਕਿਸੇ ਹੀ ਗਲ ਦਾ ਨਹੀਂ,
ਮਿਲਕੇ ਬੈਠਣ ਦਾ ਸਾਨੂੰ ਗਿਆਨ ਦੇਵੋ।
ਰਹਿ ਜਾਈਏ ਪ੍ਰਦੇਸੀ ਦੇ ਮਿਲਣ ਜੋਗੇ,
ਸੱਚੇ ਪਾਤਸ਼ਾਹ ਏਕਤਾ ਦਾਨ ਦੇਵੋ।

ਮੱਝਾਂ ਚਾਰਦਿਆਂ ਚੂਰੀਆਂ ਖਾਂਦਿਆਂ ਨੂੰ,
ਖਬਰੇ ਕੌਣ ਸ਼ਾਨੂੰ ਨਜ਼ਰਾਂ ਲਾ ਗਿਆ ਏ।
ਖਬਰੇ ਕੈਦੋ ਨੇ ਮਜੂ (ਚੂਚਕ) ਨੂੰ ਦਸ ਦਿਤਾ,
ਸਾਡੀ ਰਤ ਵਿਚ ਚੰਦਰਾ ਨਹਾ ਗਿਆ ਏ।
ਖਬਰੇ ਕਿਹੜੇ ਵਿਚੋਲੇ ਦੀ ਮਾਂ ਮਰ ਗਈ,
ਜਿਹੜਾ ਖੇੜਿਆਂ ਨੂੰ ਦਸ ਪਾ ਗਿਆ ਏ।
ਅੱਖ ਫੁਟ ਜਾਏ ਸੈਦੇ ਦੀ ਦੂਸਰੀ ਵੀ,
ਸੇਹਰੇ ਬੰਨ੍ਹ ਸਿਆਲਾਂ ਵਿਚ ਆ ਗਿਆ ਏ।

ਪਾ ਕੇ ਬਗਲੀਆਂ ਅਲਖ ਜਗਾ ਰਹੇ ਹਾਂ,
ਸਾਡੀ ਏਕਤਾ ਹੀਰ ਰਕਾਨ ਦੇਵੋ।
ਮੁੜਕੇ ਰੌਣਕਾਂ ਹੋਣ 'ਪ੍ਰਕਾਸ਼' ਝੰਗੀਂ,
ਸੱਚੇ ਪਾਤਸ਼ਾਹ ਏਕਤਾ ਦਾਨ ਦੇਵੋ।

★

ਯਾਦ ਰਹੇਗਾ ਸਦਾ ਪਿਆਰ ਤੇਰਾ

ਤੂੰ ਤਾਂ ਭੁੱਲ ਜਾਵੇਂ ਭਾਵੇਂ ਲੱਖ ਵਾਰੀ,
ਮੇਰਾ ਦਿਲ ਨਹੀਂ ਤੈਨੂੰ ਭੁੱਲ ਸਕਦਾ।
ਮੇਰੇ ਅਲ੍ਹੜ ਪਿਆਰ ਦਾ ਪਿਆ ਪੇਚਾ,
ਹੱਥਾਂ ਨਾਲ ਨਾ ਖੋਹਲਿਆਂ ਖੁਲ੍ਹ ਸਕਦਾ।
ਤੇਰੀ ਯਾਦ ਸੰਗ ਭਰਿਆ ਦਿਲ ਮੇਰਾ,
ਮੂੰਹਦੇ ਕੀਤਿਆਂ ਕਦੇ ਨਹੀਂ ਡੁੱਲ੍ਹ ਸਕਦਾ।
ਭਰਕੇ ਜੀਹਨੂੰ ਪਲਾਇਆ ਤੂੰ ਜਾਮ ਸਾਕੀ,
ਉਹ ਨਾ ਝੂਠੇ ਮੈਖਾਨੇ ਚ ਤੁੱਲ ਸਕਦਾ।
ਕੱਲਾ ਮੈਂ ਨਹੀਂ ਲੱਖਾਂ ਹੀ ਤੜਪਦੇ ਨੇ,
ਚਲਿਆ ਜਿਨ੍ਹਾਂ ਤੇ ਨਜ਼ਰ ਦਾ ਵਾਰ ਤੇਰਾ।
ਦੁਖੀ ਦਿਲਾਂ ਨੂੰ ਘੁੱਟ ਕੇ ਆਖਦੇ ਹਾਂ,
ਯਾਦ ਰਹੇਗਾ ਸਦਾ ਪਿਆਰ ਤੇਰਾ।
ਲੋਕੀਂ ਨਜ਼ਰ ਆਖਣ ਤੇ ਮੈਂ ਕਹਾ ਜਾਦੂ,
ਬਿਨਾਂ ਹੱਥ ਲਾਇਆਂ ਦਿਲ ਨੂੰ ਟੋਹ ਜਾਂਦੀ।
ਕਪਟ ਭਰੇ ਜੋ ਦਿਲ ਹੰਕਾਰੀਆਂ ਦੇ,
ਧੌਣ ਉਹਨਾਂ ਦੀ ਵੀ ਨੀਵੀਂ ਹੋ ਜਾਂਦੀ।
ਬੁਝੇ ਖਿੰਗਰਾਂ ਚੋਂ ਸੋਨਾ ਨਜ਼ਰ ਆਉਂਦਾ,
ਬਣਕੇ ਪਾਰਸ ਸੀ ਜਿਹਨਾਂ ਨੂੰ ਛੋਹ ਜਾਂਦੀ।
ਜਾਦੂ ਨਜ਼ਰ ਸਾਬੂਨ ਦਾ ਰੂਪ ਬਣਕੇ,
ਕਾਲੇ ਦਿਲਾਂ ਦੇ ਦਾਗਾਂ ਨੂੰ ਧੋ ਜਾਂਦੀ।
ਚੰਨ ਤੂੰ ਗਮਾਂ ਦੀ ਰਾਤ ਵਿਚ ਚੌਧਵੀਂ ਦਾ,
ਕਿਰਨਾਂ ਤੇਰੀਆਂ ਬਣੀਆਂ ਸ਼ਿੰਗਾਰ ਤੇਰਾ।
ਚੀਰ ਦਿਲਾਂ ਨੂੰ ਤਾਹੀਓਂ ਆਵਾਜ਼ ਨਿਕਲੇ,
ਯਾਦ ਰਹੇਗਾ ਸਦਾ ਪਿਆਰ ਤੇਰਾ।

ਅਠਾਈ

ਤੇਰੇ ਚਰਨਾਂ ਵਿਚ ਜਨਤ ਦੇ ਮਹਿਲ ਉਸਰੇ,
ਲੱਖਾਂ ਸ਼ਕਤੀਆਂ ਬੁਲ੍ਹਾਂ ਤੇ ਵਸਦੀਆਂ ਸੀ।
ਸਦਾ ਰਹਿਮਤਾਂ ਗਊ ਗਰੀਬ ਦੇ ਲਈ,
ਦਿਲ ਦੇ ਪਹਿਲੂਆਂ ਤੇ ਪਈਆਂ ਰਸਦੀਆਂ ਸੀ।
ਤੇਰੀ ਛਾਤੀ ਤੇ ਦੇਸ਼ ਦੀ ਕਥਾ ਉਸਰੀ,
ਸਾਨੂੰ ਬ੍ਰਿਹੋਂ ਦੀਆਂ ਨਾਗਣਾਂ ਡਸਦੀਆਂ ਸੀ।
ਪਾਉਂਦੀ ਮੱਥੇ ਤੇ ਹਰਦਮ ਬਹਾਰ ਖਿੱਲ੍ਹੀ,
ਖਿੜ ਖਿੜ ਮੁੱਖੜੇ ਤੇ ਕਲੀਆਂ ਹਸਦੀਆਂ ਸੀ।
ਇਕ ਸੌ ਅੱਠ ਐਟਮ ਕਰਨ ਸਦਾ ਰਾਖੀ,
ਜਾਣ ਲੋਕਤਾ-ਏਕਤਾ ਸਾਰ ਤੇਰਾ ।
ਤਾਹੀਓਂ ਵਿਸ਼ਵ ਚੋਂ ਪਈ ਆਵਾਜ਼ ਗੂੰਜੇ,
ਯਾਦ ਰਹੇਗਾ ਸਦਾ ਪਿਆਰ ਤੇਰਾ ।
ਲੋਕੀ ਨਿਜੀ ਆਜ਼ਾਦੀ ਹੀ ਮੰਗਦੇ ਰਹੇ,
ਗਊ ਰਖਸ਼ਾ ਲਈ ਰਹੀ ਦੁਹਾਈ ਤੇਰੀ।
ਬੁੱਚੜ-ਖਾਨੇ, ਅਫੀਮ, ਸ਼ਰਾਬ, ਪੋਸਤ,
ਬੰਦ ਕਰਨ ਲਈ ਰਹੀ ਲੜਾਈ ਤੇਰੀ।
ਰਿਹਾ ਗਾਂਧੀ ਸੀ ਅਮਨ ਦੇ ਤੰਦ ਪਾਉਂਦਾ,
ਅਮਲ ਅਮਲ ਦੀ ਰਹੀ ਕਮਾਈ ਤੇਰੀ।
ਭਾਵੇਂ ਜ਼ਿਮੀਂ ਅਸਮਾਨ ਦੀ ਤੈਹ ਲੱਗ ਜੈ,
ਫਿਰ ਵੀ ਚਮਕਦੀ ਰਹੂ ਭਲਾਈ ਤੇਰੀ।
ਕਿਰਦੇ ਰਹਿਣਗੇ ਅਥਰੂ ਜ਼ਰਿਆਂ ਚੋਂ,
ਪਿਆਰ ਭਿਜਿਆ ਸੁਣਕੇ ਪ੍ਰਚਾਰ ਤੇਰਾ ।
ਤਾਂ ਹੀ ਅੱਜ 'ਪ੍ਰਕਾਸ਼' ਦੀ ਕਲਮ ਆਖੇ,
ਯਾਦ ਰਹੇਗਾ ਸਦਾ ਪਿਆਰ ਤੇਰਾ ।

—o—

ਕੇਹਰ ਸਿੰਘ



ਸਾਹਿਤਕ ਦੁਨੀਆਂ ਵਿਚ ਬਹੁਤ ਉਚੀਆਂ ਉਡਾਰੀਆਂ ਲਾਉਣ ਲਈ ਇਸ ਜੁਆਨ ਨੇ ਥੋੜੇ ਚਿਰ ਤੋਂ ਹੀ ਮੇਹਨਤ ਸ਼ੁਰੂ ਕੀਤੀ ਹੈ। ਜੇ 'ਹਿੰਮਤਿ ਮਰਦਾਂ, ਮਦੱਦੇ ਖੁਦਾ' ਦਾ ਅਕੀਦਾ ਠੀਕ ਹੈ, ਤਾਂ ਇਸ ਸਜਣ ਨੂੰ ਵੀ ਰੱਬੀ ਮਦਦ ਜ਼ਰੂਰ ਮਿਲਣੀ ਚਾਹੀਦੀ ਹੈ।

ਜ਼ਿਲਾ ਸ਼ੇਖੂਪੁਰੇ ਦੇ ਛੋਟੇ ਜਹੇ ਪਿੰਡ ਵਾੜਾ ਲਾਭ ਸਿੰਘ ਦੇ ਇਕ ਪੂਰਨ ਨਾਮਧਾਰੀ ਸਜਣ ਸ: ਕਰਨੈਲ ਸਿੰਘ ਦੇ ਘਰ ੨੭ ਫਰਵਰੀ ੧੯੪੨ ਈਸਵੀ ਨੂੰ 'ਕੇਹਰ' ਨੇ ਜਨਮ ਲਿਆ। ਹੁਣ ਇਹ ਸੰਤ ਨਗਰ ਹੀ ਰਹਿ ਰਿਹਾ ਹੈ।

ਸੋਹਣੀ ਚਿੱਟੀ ਨਾਮਧਾਰੀ ਪੁਸ਼ਾਕ, ਸਜੀਲਾ ਚਿਹਰਾ, ਭਰਵਾਂ ਸਰੀਰ ਤੇ ਮਸਤੀ ਭਰਪੂਰ ਅੱਖਾਂ ਵਿਚ 'ਕੇਹਰ' ਜਦੋਂ ਤੁਹਾਨੂੰ 'ਸ੍ਰੀ ਮਾਨ ਜੀ' ਕਹਿਕੇ ਬੁਲਾਏਗਾ ਤਾਂ ਤੁਹਾਡੇ ਕੰਨਾਂ ਵਿਚ ਮਾਨੋ ਕ੍ਰਿਸ਼ਨ ਜੀ ਦੀ ਬੰਸਰੀ ਦੀ ਮਿੱਠੀ ਸੁਰ ਗੂੰਜ ਪਵੇਗੀ।

ਅਜ ਕਲ ਨਾਮਧਾਰੀ ਮਹਾਂ ਵਿਦਿਆਲੇ ਵਿਚ ਬੁਣਾਈ ਦਾ ਕੰਮ ਸਿੱਖਣ ਦੇ ਪਰਦੇ ਹੇਠ 'ਬੁਧੀਮਾਨੀ' ਦੇ ਕੋਰਸ ਦੀ ਬੜੇ ਜ਼ੋਰ ਸ਼ੋਰ ਨਾਲ ਤਿਆਰੀ ਕਰ ਰਿਹਾ ਹੈ।

ਹਰ ਗੱਲ ਦੀ ਪੜਚੋਲ ਕਰਨੀ, ਪੜ੍ਹੇ ਹੋਏ ਨੂੰ ਘੋਖਣਾ, ਅਗ੍ਹਾਂ ਵਧੂ ਰੁਚੀਆਂ ਤੇ ਸਖਤ ਮਿਹਨਤ ਇਹ ਹੈ ਇਸਦੀ ਪਰਕਿਰਤੀ, ਜੋ ਇਸਨੂੰ ਸਾਹਿਤਕ ਦੁਨੀਆਂ ਵਿਚ ਜ਼ਰੂਰ ਉੱਘਾ ਕਰੇਗੀ।

ਸਾਡਾ ਝੁੱਗਾ ਸ਼ਰਾਬ ਉਜਾੜਿਆ ਏ

ਜਾਗ ਹੋਸ਼ ਕਰ ਗਾਫਲਾ ਮਤਿਆ ਓਏ,
ਸਾਥੀ ਸਮਝਕੇ ਤੈਨੂੰ ਸਮਝਾਵਾਂਗਾ ਮੈਂ ।
ਜਿਹੜੀ ਨਾਗਨੀ ਫੜਨ ਦੀ ਚਾਹ ਕਰਦੈਂ,
ਓਹਦਾ ਡੰਗਿਆ ਤੈਨੂੰ ਵਖਾਵਾਂਗਾ ਮੈਂ ।
ਆਖੇ ਲਗ ਜਾ ਸੌਰ ਜਾਊ ਉਮਰ ਤੇਰੀ,
ਤੈਨੂੰ ਦੈਤ ਤੋਂ ਦੇਵ ਬਨਾਵਾਂਗਾ ਮੈਂ ।
ਪਾਗ਼ਲ ਕਰੇ ਜੋ ਚੜ੍ਹਕੇ ਸਿਰ ਤੇਰੇ,
ਤੇਰੀ ਵੈਰਨ ਤੋਂ ਤੈਨੂੰ ਛਡਾਵਾਂਗਾ ਮੈਂ ।
ਨਹੀਂ ਇਕ ਨਹੀਂ ਦੋ ਇਹ ਜਗਤ ਸਾਰਾ,
ਚਾੜ੍ਹ ਨਸ਼ੇ ਦੀ ਤੇਗ ਤੇ ਹਾੜਿਆ ਏ ।
ਰਖੇ ਘਰ ਜੇਹੜਾ ਦਾਤੀ ਸਮਝ ਸੁਖ ਦੀ,
ਓਹਦਾ ਝੁੱਗਾ ਸ਼ਰਾਬ ਉਜਾੜਿਆ ਏ ।

ਡਡਕੇ ਧਰਮ ਤੇ ਸ਼ਰਮ ਨੂੰ ਟੰਗ ਛਿਕੇ,
ਕੇਹੜੇ ਕਰਮ ਦੇ ਵਿਚ ਗਲਤਾਨ ਹੋਇਓਂ ।
ਹੀਰਾ ਅਲੱਖ ਦਾ ਰੋਲਿਆ ਸਮਝ ਕੌਡੀ,
ਕਾਹਨੂੰ ਸਿਖਾਂ ਦੀ ਤੂੰ ਸੰਤਾਨ ਹੋਇਓਂ ?
ਬਣਕੇ ਚੂਹਾ ਤੂੰ ਧਰਮ ਦੀ ਨੀਂਹ ਫੋਲੀ,
ਕੈਸਾ ਘਰ ਵਿਚ ਗੋਲਾ ਤੂਫ਼ਾਨ ਹੋਇਓਂ ।
ਇਜ਼ਤ ਮੋਠੀ ਨੂੰ ਖਾਕ ਜੇ ਰੋਲਣਾ ਸੀ,
ਬੇੜਾ ਗਰਕ ਜਈ ਕਾਹਨੂੰ ਜਵਾਨ ਹੋਇਓਂ ।
ਮਰ ਜਾ ਡੋਬਕੇ ਨਕ ਸ਼ਰਮਿੰਦਗੀ ਨਾਲ,
ਕੇਹਾ ਸੂਲੀ ਗਰੀਬੀ ਦੀ ਚਾੜ੍ਹਿਆ ਏ ।
ਹਤਕ ਮੇਰੀ ਤੇ ਇਜ਼ਤ ਬਰਬਾਦ ਤੇਰੀ,
ਸਾਡਾ ਝੁੱਗਾ ਸ਼ਰਾਬ ਉਜਾੜਿਆ ਏ ।

ਇਕੱਤੀ

ਬੇਸ਼ਕ ਕਹੇਂ ਕੇ ਚੌਧਵਾਂ ਰਤਨ ਹੈ ਇਹ,
ਐਪਰ ਮਿਲੀ ਤੇ ਦੈਂਤਾਂ ਦੇ ਤਾਂਈ ਥੋਰੇ।
ਪੀਵੇਂ ਘੁੱਟ ਜਾਂ ਨਸ਼ੇ 'ਚ ਗੁੱਟ ਹੋਵੇਂ,
ਕੁੱਤੀ ਮੂੰਹ ਚੱਟੇ ਕਹੇਂ ਸਵਰਨ ਕੌਰੇ।
ਲਿਆ ਇਹ ਰੁਮਾਲ ਕਮਾਲ ਕਿਥੋਂ,
ਚੀਤਾ ਕਰੇ ਮੂੰਹ ਕਹੇਂ ਸ਼ਰਾਬ ਖੋਰੇ।
ਡਿੱਗਾ ਗੰਦੀਆਂ ਨਾਲੀਆਂ ਵਿਚ ਫਿਰਦਾ,
ਕਹੇਂ ਕਰਦਾ ਹਾਂ ਵਿਚ ਇੰਗਲੈਂਡ ਦੌਰੇ।

ਲ਼ਾਨਤ ਲਖ ਹੈ ਤੇਰੇ ਜੀਊਣ ਤਾਂਈ,
ਕੈਸਾ ਦੁਖਾਂ ਦੇ ਤੇਲ ਵਿਚ ਕਾੜ੍ਹਿਆ ਏ।
ਸ਼ਾਹ ਜਹਾਨ ਦੁਹਾਈ ਦਏ ਬਾਂਹ ਉੱਚੀ,
ਸਾਡਾ ਝੁਗਾ ਸ਼ਰਾਬ ਉਜਾੜਿਆ ਏ।

ਭਰਿਆ ਵੇਖਕੇ ਜ਼ਹਿਰ ਪੈਮਾਨਿਆਂ ਵਿਚ,
ਓਹਨੂੰ ਮੂਰਖਾ ਆਬੇ - ਹਯਾਤ ਆਖੇਂ।
ਗੁਲਸ਼ਨ ਜ਼ਿੰਦਗੀ ਖਿੜੀ ਤੇ ਗੜੇ ਵਰ੍ਹਦੇ,
ਓਹਨੂੰ ਗਾਫਲਾ ਹੁੰਦੀ ਬਰਸਾਤ ਆਖੇਂ।
ਚਮਕੀ ਜ਼ਿੰਦਗੀ ਵਿਚ ਜੋ ਰਾਜ ਕਰਦੈ,
ਓਹਨੂੰ ਕਮਲਿਆ ਹੁੰਦੀ ਪ੍ਰਭਾਤ ਆਖੇਂ।
ਫਰਕ ਕੋਹਾਂ ਦਾ ਪਾਏ ਜੋ ਜ਼ਿੰਦਗੀ ਤੋਂ,
ਹੁੰਦੀ ਜ਼ਿੰਦਗੀ ਨਾਲ ਮੁਲਾਕਾਤ ਆਖੇਂ।

ਕੁੰਭਕਰਨਾ ਮਦ ਮਤਿਆ ਹੋਸ਼ ਕਰ ਓਏ,
ਸਾਨੂੰ ਏਸੇ ਕਲਜੋਗਨ ਨੇ ਪਾੜਿਆ ਏ।
ਜ਼ਰਰੇ ਜ਼ਰਰੇ ਚੋਂ ਕਿਹਰ ਪੈਗਾਮ ਮਿਲਿਆ,
ਸਾਡਾ ਝੁਗਾ ਸ਼ਰਾਬ ਉਜਾੜਿਆ ਏ।

*

ਪਤੀ-ਪਤਨੀ

ਗਮਗੀਨ ਹੋਇਆ ਵੇਖ ਪੁਛਿਆ ਮੈਂ ਦਸ ਯਾਰ,
ਕੇਹੜੀ ਗਲੋਂ ਅਜ ਤੇਰਾ ਚੇਹਰਾ ਕੁਮਲਾਇਆ ਏ ।
ਜਿਹੜਾ ਕੱਲ ਦਗਦਾ ਸੀ ਪੂਰਬ ਦੀ ਲਾਲੀ ਵਾਂਗ,
ਅੱਜ ਸੋਗੀ ਰਾਤ ਜਿਉਂ ਮੂੰਹ ਕਿਉਂ ਲੁਕਾਇਆ ਏ ।
ਵਿਦਿਆ ਦੀ ਕੋਮਲ ਮਲੂਕ ਫੁਲਵਾੜੀ ਵਿਚ,
ਟਾਹਣੀ ਗਲ ਲੱਗਾ ਕਿਉਂ ਏਹ ਫੁੱਲ ਮੁਰਝਾਇਆ ਏ ।
ਕੰਮ ਕਾਰ ਚੰਗਾ ਤੇਰਾ, ਮਾਇਆ ਵਿਚ ਖੇਡਨਾ ਏਂ,
ਫੇਰ ਤੂੰਹੀਓ ਦਸ ਅਜ ਮੂੰਹ ਕਿਉਂ ਸੁਜਾਇਆ ਏ ।

ਪਾਲਸ਼ੋਂ ਬਗੈਰ ਬੂਟ, ਝੱਗਾ ਵੀ ਮਧੋਇਆ ਹੋਇਆ,
ਸਿਰ ਵਾਂਗ ਭੂਤਨੇ ਦੇ ਅੱਜ ਕਿਉਂ ਖਿੰਡਾਇਆ ਏ ।
ਸੱਚ ਜਾਣੀ ਤੇਰੀ ਤੋਰ ਉੱਕਾ ਹੀ ਸੰਝਾਪਦੀ ਨਹੀਂ,
ਜਾਪਦਾ ਏ ਮੈਨੂੰ ਤੇਰੀ ਵਹੁਟੀ ਦਬਕਾਇਆ ਏ ।
ਗਿਲਾ ਕੱਢ ਅੱਖੀਆਂ ਰਾਹ ਕਹਿੰਦਾ, ਕੀ ਲੁਕਾਵਾਂ ਯਾਰ ?
ਜਦੋਂ ਦਾ ਹੀ ਮਾਪਿਆਂ ਨੇ ਮੈਨੂੰ ਜੋ ਵਿਹਾਇਆ ਏ ।
ਖੁਸ਼ੀਆਂ ਛੁਡਾਈ ਕੰਨੀ ਸਜਨਾਂ ਤੋਂ ਟੁਟ ਗਿਆ,
ਗੰਧਕ ਪਟਾਸ ਤਾਈਂ ਸਮਝ ਲਓ ਰਲਾਇਆ ਏ ।

ਜਾਣ, ਜਾਨ ਅਪਣੀ ਨਾ ਊਣਤਾਈਆਂ ਵੇਖਦਾ ਸਾਂ,
ਪਰ ਉਹ ਤੇ ਮੋਹਰੇ ਉਤੇ ਮਿੱਠਾ ਜੋ ਲਗਾਇਆ ਏ ।

ਚਾਵਾਂ ਨਾਲ ਮਾਪਿਆ ਤੋਂ ਵਖ ਹੋਇਆ ਆਖੇ ਲਗ,
ਗਹਿਣਾ, ਗੱਟਾ, ਪੈਲੀ ਕੁੱਲਾ ਸਭ ਹੀ ਵੰਡਾਇਆ ਏ।
ਸਾਰਾ ਦਿਨ ਚੂਰ ਹੋਵਾਂ ਨੌਕਰੀ ਪਰਾਈ ਹੇਠ,
ਆਵਾਂ ਘਰ ਸ਼ਾਮ ਨੂੰ ਫੜਾਵਾਂ ਜੋ ਕਮਾਇਆ ਏ।
ਜਲ ਪਾਣੀ ਪੁਛੇ ਨਾ ਤੇ ਗੁੱਸੇ ਹੋ ਕੇ ਬੈਠ ਜਾਵੇ,
ਦਸ ਭਲਾ ਉਹਨੇ ਕੇਹੜਾ ਵੇਲਣ ਚਰਖਾ ਡਾਹਿਆ ਏ।

ਸਾਰਾ ਦਿਨ ਸੁਖ ਨਾਲ ਸਖੀਆਂ 'ਚ ਮੌਜ ਮਾਣੇ,
ਏਸੇ ਲਈ ਹੀ ਅਸਾਂ ਕੰਮ ਵਾਹੀ ਦਾ ਮੁਕਾਇਆ ਏ।
ਅਜੇ ਵੀ ਇਹ ਦੁਖੀ ਹੈ ਵੇ ਠੰਢੇ ਦੁਧ ਫੂਕਦੀ ਏ,
ਮੈਨੂੰ ਤੇ ਹੈ ਏਹਨੇ ਉਤੇ ਸੂਲੀ ਦੇ ਚੜ੍ਹਾਇਆ ਏ।
ਵੇਖ ਮੇਰੇ ਨਾਲ ਸਾਥੀ ਰਿਝੇ ਬੰਦ ਤੌੜੀ ਵਾਂਗ,
ਦੇਵੇ ਕੁਟ ਚੂਰੀਆਂ ਜੋ ਪੇਕਿਆਂ ਤੋਂ ਆਇਆ ਏ।
ਕਰਾਂ ਜੇ ਸਵਾਲ ਤੇ ਜਵਾਬ ਆਵੇ ਗੋਲੀ ਵਾਂਗ,
ਵੇਖ ਮੇਰਾ ਸਿਰ ਵਾਂਗ ਖਿਦੋ ਦੇ ਉਡਾਇਆ ਏ।

ਮੰਗਣਾ ਜੇ ਰੋਟੀ ਕਹਿੰਦੀ ਔਥੇ ਪਛੀ ਲਗੀ ਹੋਈ ਊ,
ਮਗਰੋਂ ਨਹੀਂ ਲਹਿੰਦਾ ਕਿੱਡਾ ਏਨੂੰ ਸਾਨੂੰ ਤਾਇਆ ਏ।
ਹੋਈ ਅਸਵਾਰ ਮੇਰੇ ਉੱਤੇ ਰਾਜੇ ਭੋਜ ਵਾਂਗ,
ਆਪ ਬਣੀ ਪਤੀ ਮੈਨੂੰ ਪਤਨੀ ਬਣਾਇਆ ਏ।
ਘਰ ਤੋਂ ਬੇ-ਘਰ ਹੋਇਆ ਠੇਡੇ ਖਾਵਾਂ ਦਰ ਦਰ,
ਘਰ ਘਾਟ ਸਭੋ ਉਹਦੇ ਕਬਜ਼ੇ 'ਚ ਆਇਆ ਏ।
ਦਸ ਉਪਚਾਰ ਯਾਰ ਬੜਾ ਹੀ ਲਚਾਰ ਹਾਂ ਮੈਂ,
ਉਹ ਤੇ ਫਿਰੇ ਜਿੰਨ ਮੇਰੇ ਖੂਨ ਦਾ ਤਿਹਾਇਆ ਏ।

ਖੜ ਜਾ ਤੂੰ ਜਰਾ ਏਥੇ ਲੈਨੀਆਂ ਮੈਂ ਸਾਰ ਤੇਰੀ,
ਕਿੱਡਾ ਇਸ ਔਤਰੇ ਨੇ ਨਾਟਕ ਰਚਾਇਆ ਏ।

ਐਵੇਂ ਬਦਨਾਮ ਕੀਤਾ ਮੈਂ ਜਹੀ ਦੇਵੀ ਨੂੰ ਜਹਾਨ ਵਿਚ,
ਕਦੀ ਵੀ ਨਖਸਮਣੇ ਤੇ ਹੱਥ ਨਹੀਂ ਉਠਾਇਆ ਏ।
ਖੌਰੇ ਕਿੱਥੋਂ ਪੈ ਗਿਆ ਏ ਪੇਸ਼ ਇਹ ਚੰਡਾਲ ਰੱਬਾ,
ਜਿਹਨੇ ਮੇਰੀ ਇਜ਼ਤ ਨੂੰ ਘੱਟੇ 'ਚ ਰਲਾਇਆ ਏ।
ਘਰ ਜਾ ਕੇ ਝੰਭ ਝਾੜ ਪੇਕਿਆਂ ਨੂੰ ਧਾਈ ਕੀਤੀ,
ਜ਼ਿੰਦਾ ਕੁੰਡਾ ਲਾਇਆ ਜਿਵੇਂ ਕੁਰਕੀ ਵਾਲਾ ਆਇਆ ਏ।

ਬਿਨਾਂ ਪੁੱਛੇ ਜਾਂਵਦਾ ਏ ਗੱਲ ਮੇਰੀ ਮੰਨਦਾ ਨਹੀਂ,
ਲਗੂ ਪਤਾ ਜਦੋਂ ਵਿਚ ਪਰ੍ਹੇ ਦੇ ਬਹਾਇਆ ਏ।
ਕਢੇਂਗਾ ਲਕੀਰਾਂ ਨੱਕ ਨਾਲ ਤਦੋਂ ਆਊਂ ਘਰ,
ਹੱਥ ਜੋੜ ਕਹੇ ਛਕੋ ਲੰਗਰ ਸਜਾਇਆ ਏ।
ਪਤੀ ਪ੍ਰਮੇਸਰ ਹੈ ਪਤਨੀ ਲਈ ਆਖਦੇ ਨੇ,
ਮੈਂ ਤੇ ਕਹਿੰਨਾ ਸੱਭੋ ਝੂਠ ਕਿਸੇ ਨੇ ਅਲਾਇਆ ਏ।
ਮੈਥੋਂ ਚੰਗੇ ਛੜੇ ਘਰੀਂ ਖਾਂਦੇ ਜੋ ਪਰੌਂਠੇ ਨਿਤ,
ਵਿਆਹਿਆ ਮੈਂ ਚੰਗਾ! ਸੁੱਕਾ ਟੁੱਕ ਨਾ ਥਿਆਇਆ ਏ।

ਚੱਤੋ ਪਹਿਰ ਕੁੱਤੇ ਵਾਂਗ ਰਹੇ ਦੁਰਕਾਰ ਦੀ ਏ,
ਸੇਵਾ, ਸੀਲ, ਖਿੰਮਾ, ਪ੍ਰੇਮ, ਫਰਜ਼ ਭੁਲਾਇਆ ਏ।
ਕਰੇ ਕੇਹਰ ਤੋਬਾ ਏਸ ਗ੍ਰਹਿਸਤ ਤੋਂ ਲੱਖ ਵਾਰ,
ਜੀਹਨੇ ਜਿਊਂਦੇ ਜੀ ਮੈਨੂੰ ਨਰਕ ਵਿਚ ਪਾਇਆ ਏ।



ਪੈਂਤੀ

ਬਲਬੀਰ ਢਿੱਲੋਂ



ਇਹ ਮੁੰਡਾ ਸਿਆਲ ਕੋਟੀਆ ਏ ਤੇ ਇਹਦੇ ਵਿਚ ਸਾਹਿੱਤਕ ਰੁਚੀਆਂ ਹੋਣੀਆਂ ਕੁਦਰਤੀ ਹਨ, ਕਿਉਂਕਿ ਇਸ ਜ਼ਿਲ੍ਹੇ ਦੀ ਧਰਤੀ ਦੇ ਜ਼ੱਰੇ ਜ਼ੱਰੇ ਵਿਚ ਸਾਹਿਤ ਗੁਝਿਆ ਪਿਆ ਹੈ, ਜਿੰਨੇ ਸਾਹਿਤ-ਕਾਰ ਸਿਆਲਕੋਟ ਨੇ ਪੰਜਾਬ ਨੂੰ ਦਿਤੇ ਹਨ ਸ਼ਾਇਦ ਹੀ ਹੋਰ ਕਿਸੇ ਜ਼ਿਲ੍ਹੇ ਨੇ ਦਿਤੇ ਹੋਣ।

ਇਕ ਮਿਹਨਤੀ ਕਿਸਾਨ ਸ: ਜਗਤ ਸਿੰਘ ਦੀ ਅੱਖੀਆਂ ਦਾ ਤਾਰਾ ਤੇ ਬਲਵਾਨ ਇਰਾਦੇ ਦੀ ਮਲਿਕਾ ਸ਼੍ਰੀਮਤੀ ਜੈ ਕੌਰ ਦੀਆਂ ਆਸਾਂ ਦੀ ਸਿਖਰ ਹੈ।

ਇਹ ੨੦ ਕੁ ਸਾਲ ਦਾ ਸਾਊ ਚਿਹਰੇ, ਸੁਡੌਲ ਸਰੀਰ, ਸਾਫ ਦਿਲ ਤੇ ਗੱਲ ਗੱਲ ਵਿਚ ਕੁਝ ਬਨਣ ਦੀਆਂ ਗੱਲਾਂ ਕਰਨ ਵਾਲਾ ਜਵਾਨ ਇਕ ਉਗਮਦਾ ਸਾਹਿਤਕਾਰ ਹੈ।

ਪਾਕਿਸਤਾਨ ਦੇ ਰੌਲਿਆਂ ਪਿੱਛੋਂ ਅਪਣੇ ਪ੍ਰਵਾਰ ਨਾਲ ਰੁਲਦਾ ਖੁਲਦਾ ਜੀਵਨ ਨਗਰ ਦੇ ਇਲਾਕੇ ਵਿਚ ਆ ਨਿਕਲਿਆ। ਚਾਰ ਕੁ ਸਾਲ ਹੋਏ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਿਹਰ ਨਾਲ ਦਸਤਕਾਰੀ ਲਾਈਨ ਵਿਚ ਪੈ ਗਿਆ ਹੱਥ-ਖੱਡੀ ਦਾ ਕੰਮ ਸਿਖਿਆ ਤੇ ਅਜ ਕਲ ਵਿਦਿਆਲੇ ਵਿਚ ਬੁਣਨ ਵਿਭਾਗ ਦਾ ਇੰਚਾਰਜ ਹੈ।

ਕੰਮ ਕਰਨ ਦੀ ਲਗਨ, ਸਾਹਿਤ ਵਿਚ ਆਪਣੀ ਥਾਂ ਬਨਾਣ, ਤੇ ਕੌਮ ਨੂੰ ਚੜ੍ਹਦੀਆਂ ਕਲਾਂ ਵਿਚ ਵੇਖਣ ਦੀਆਂ ਰੀਝਾਂ ਇਹਦੀਆਂ ਰਾਤਾਂ ਦੇ ਸੁਪਨੇ ਹਨ। ਅਪਣੀ ਕਵਿਤਾ ਵਿਚ ਅਪਣਾ ਆਪ ਘੋਲਣ ਦੀ ਕੋਸ਼ਸ਼ ਕਰਦਾ ਹੈ ਤੇ ਅੱਜ ਕੱਲ ਨਾਮਧਾਰੀ ਸਾਹਿਤ ਸਭਾ ਸ੍ਰੀ ਜੀਵਨ ਨਗਰ (ਦਫਤਰ ਸੰਤ ਨਗਰ) ਦਾ ਜਨਰਲ ਸਕੱਤ੍ਰ ਹੈ।

ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ

ਫਿਰਾਂ ਵਿਚਰਦਾ ਸੰਘਣੇ ਬੇਲਿਆਂ ਵਿਚ,
ਅਮਨ ਪਿਆਰ ਦਾ ਝੰਗ ਸਿਆਲ ਹੋਵੇ।
ਰਸਨਾ ਵੰਝਲੀ ਝਰੇ ਸੰਗੀਤ ਮਿੱਠਾ,
ਟਿਕਿਆ ਰਾਂਝਣਾ ਸੁਰਤ ਦੇ ਨਾਲ ਹੋਵੇ।
ਗੁਰੂ ਨਿਗਾਹ ਥੋਂ ਪਾਰ ਝਨਾ ਲਗਾਂ,
ਸਰਧਾ ਹੀਰ ਮਿਲਜੈ ਜੇ ਨਿਹਾਲ ਹੋਵੇ।
ਸ਼ਾਮ ਉਮਰ ਦੀ ਚਰਨਾਂ ਦੇ ਵਿਚ ਲੱਥੇ,
ਕੈਦੋ ਨਫਸ ਨਾ ਕਦੇ ਖਿਆਲ ਹੋਵੇ।
ਮਨ ਦੀ ਮੰਦਰ ਜਗਜੀਤ ਦੇ ਮੂਰਤੀ ਨੂੰ,
ਆਖਰ ਤੱਕ ਪੁਜਾਂ ਇਹ ਰੀਤ ਨਿਭਜੈ।
ਇਹੋ ਅਰਜ਼ ਦਤਾਰ ਮਸਕੀਨ ਦੀ ਏ,
ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ।

ਤੇਰੇ ਪ੍ਰੇਮ ਦਾ ਚੜ੍ਹਿਆ ਸਰੂਰ ਹੋਵੇ,
ਜਿੰਦ ਹੋਰ ਬਿਭੂਤ ਨਾ ਮਲੇ ਮੇਰੀ।
ਥੱਲਾਂ ਵਿਚ ਨਾ. ਫਿਰਾਂ ਵਰਾਨ ਹੁੰਦਾ,
ਦੇਹੀ ਰੇਤ ਬਣ ਰੇਤ ਨਾ ਰਲੇ ਮੇਰੀ।
ਜੰਗਲ ਭਵਾਂ ਨਾ ਵਿਛੜ ਕੇ ਵਾਂਗ ਮਜਨੂੰ,
ਪੀ ਪੀ ਜਾਮ ਦੀਦਾਰ ਜਿੰਦ ਪਲੇ ਮੇਰੀ।
ਸ਼ਹੁ ਸਾਗਰੀ ਰੁੜ੍ਹਾਂ ਨਾ ਹੋ ਬੇਸੁਖ,
ਜਿੰਦ ਰਜ਼ਾ ਦੇ ਸੱਚੇ ਢਲੇ ਮੇਰੀ।
ਭਾਵੇਂ ਖਾਕ ਕਰ ਹੋਵਾਂ ਮੈਂ ਪਾਕ ਐਪਰ,
ਚਰਨ ਚੁੰਮ ਦਾ ਰਹਾਂ ਇਹ ਜੀਤ ਨਿਭਜੈ।
ਹਸ਼ਰ ਤੀਕ ਮੈਂ ਚਰਨਾਂ ਦਾ ਭੌਰ ਹੋਵਾਂ,
ਤੇਰੇ ਚਰਨਾਂ ਦੇ ਨਾਲ ਪਰੀਤ ਨਿਭਜੈ।

ਸੈਂਤੀ

ਮੁਸਕਣ ਤੇਰੀ ਚੋਂ ਸਰਘੀਆਂ ਜਾਗ ਪਈਆਂ,
ਕਿਰਨਾਂ ਕੰਚਨੀ ਉਠ ਸੰਸਾਰ ਆਈਆਂ।
ਬਚਨ ਕੀਤੇ ਤਾਂ ਚੰਨ ਕਈਂ ਨਜ਼ਰ ਆਏ,
ਚਮਕਾਂ ਜਿਨ੍ਹਾਂ ਚੋਂ ਠੰਡੀਆਂ ਠਾਰ ਆਈਆਂ।
ਭਾਰਾ ਗੌਰਾ ਹਿਮਾਲੀਆ ਪਰਬਤਾਂ ਦਾ,
ਜਿਸ ਚੋਂ ਰਹਿਮਤਾਂ ਲਖ ਹਜ਼ਾਰ ਆਈਆਂ।
ਵਿਸ਼ਵ ਬੰਦਨਾਂ ਕਰਨ ਲਈ ਝੁਕ ਗਿਆਂ,
ਕਿਰਨਾਂ ਨੈਣਾਂ ਚੋਂ ਜਦੋਂ ਇਕਸਾਰ ਆਈਆਂ।
ਜਿਚਰ ਰਹੇ ਸਰੀਰ ਦਾ ਸਾਜ ਵਜਦਾ,
ਤੇਰੇ ਪਿਆਰ ਦਾ ਮਿੱਠਾ ਸੰਗੀਤ ਨਿਭਜੈ।
ਟੁਟ ਜਾਣ ਦੁਨਿਆਵੀ ਸਬੰਧ ਬੇਸ਼ਕ,
ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ।

ਬਸੰਤ ਦੀ ਏ

ਦਿਨ ਅਜ ਦੇ ਭੈਣੀ ਦੀ ਧਰਤ ਉਤੇ,
ਸੋਲ੍ਹਾਂ ਕਲਾ ਲੈ ਪੀਰਾਂ ਦਾ ਪੀਰ ਆਇਆ।
ਛੋਤੀ ਜ਼ੁਲਮ ਦੇ ਦੈਂਤ ਦੀ ਵਿਨ੍ਹਣੇ ਨੂੰ,
ੴ ਕਮਾਨ ਚੋਂ ਤੀਰ ਆਇਆ।
ਚਾਨਣ ਪੰਚਮੀ ਦਾ ਪੰਚ ਸ਼ੀਲਤਾ ਲੈ,
ਜ਼ੁਲਮੀ ਘੋਰ ਘਟਾਵਾਂ ਨੂੰ ਚੀਰ ਆਇਆ।
ਧੋਕੇ ਦਾਗ਼ ਗ਼ੁਲਾਮੀ ਦੇ ਪੰਜਿਆਂ ਦੇ,
ਲੀਕਣ ਹਿੰਦ ਦੀ ਨਵੀਂ ਤਸਵੀਰ ਆਇਆ।
ਪੀ ਕੇ ਮਸਤੀਆਂ ਹੋਈ ਬਹਾਰ ਖੀਵੀ,
ਖ਼ੁਸ਼ੀ ਟਹਿਕਦੀ ਸੀ ਹਰ ਇਕ ਜੰਤ ਅੰਦਰ।
ਐਪਰ ਅਜ ਤੇ ਖ਼ੁਸ਼ੀ ਵਿਚ ਖਿਜ਼ਾਂ ਆਈ,
ਆਇਆ ਕੰਤ ਨਾ ਦਿਸੇ ਬਸੰਤ ਅੰਦਰ।
ਲਗੀਆਂ ਵੰਨ ਸੁਵੰਨੀਆਂ ਮਹਿਫਲਾਂ ਨੇ,
ਹੋਈਆਂ ਰੌਣਕਾਂ ਸਾਰੇ ਸੰਸਾਰ ਅੰਦਰ।
ਸ਼ਾਖਾਂ ਰੰਗ ਬਰੰਗੀਆਂ ਫੁੱਟੀਆਂ ਨੇ,
ਖੀਵੀ ਹੋਈ ਲੁਕਾਈ ਪਿਆਰ ਅੰਦਰ।
ਛੋਹੇ ਗੀਤ ਨੇ ਭੌਰਿਆਂ ਬੁੱਲਬੁਲਾਂ ਨੇ,
ਫੁੱਲ ਖ਼ੁਸ਼ੀ ਵਿਚ ਖਿੜੇ ਗੁਲਜ਼ਾਰ ਅੰਦਰ।
ਸਾਡੀ ਖ਼ੁਸ਼ੀ ਦਾ ਖਿੜਿਆ ਨਹੀਂ ਫੁਲ ਐਧਰ,
ਹੈ ਨੇ ਅੱਖੀਆਂ ਅਜੇ ਇੰਤਜ਼ਾਰ ਅੰਦਰ।
ਜਦੋਂ ਆਇਗਾ ਪੀਆ ਪ੍ਰਦੇਸ ਵਿਚੋਂ,
ਤਦੋਂ ਬ੍ਰਿਹੋਂ ਵਿਛੋੜੇ ਦਾ ਅੰਤ ਹੋਸੀ।
ਪੀ ਪੀ ਜਾਮ ਦੀਦਾਰ ਦੇ ਤ੍ਰਿਪਤ ਹੋਈਏ,
ਤਦੋਂ ਸੁਫਲ ਅਸਾਡੀ ਬਸੰਤ ਹੋਸੀ।

ਬਸੰਤ ਦਾ ਜਵਾਬ—

ਐਵੇਂ ਨਹੀਂ ਪਿਆਰੇ ਦੀ ਖੁਸ਼ੀ ਮਿਲਦੀ,
ਪਹਿਲਾਂ ਚੀਰ ਕੇ ਪੱਟ ਵਖਾਈਦਾ ਏ।
ਪਿਛੋਂ ਯਾਰ ਦੀ ਢਾਕ ਨਸੀਬ ਹੁੰਦੀ,
ਪਹਿਲਾਂ ਭੱਠੀ ਵਿਚ ਤਨ ਜਲਾਈਦਾ ਏ।
ਹਾਰ ਕਿਸੇ ਦੇ ਗਲੇ ਦਾ ਬਣਨ ਖਾਤਰ,
ਪਹਿਲਾਂ ਸੀਨੇ 'ਚ ਛੇਕ ਕਰਾਈਦਾ ਏ।
ਹੁੰਦਾ ਮਾਹੀ ਦਾ ਦੀਦ ਨਸੀਬ ਪਿਛੋਂ,
ਪਹਿਲਾਂ ਤੀਰ ਵਿਛੋੜੇ ਦਾ ਖਾਈਦਾ ਏ।
ਏਦੋਂ ਵਧ ਵੀ ਮਿਲਣ ਲਈ ਕੱਖ ਬਣਕੇ,
ਗਲੀ ਢੂੰਡਣੀ ਪੈਂਦੀ ਉਸ ਕੰਤ ਦੀ ਏ।
ਜਿਹਦੀ ਯਾਦ ਲੈ ਸਦਾ ਹੀ ਖਿਜ਼ਾਂ ਪਿਛੋਂ,
ਆਉਂਦੀ ਮਹਿਕਦੀ ਰੁਤ ਬਸੰਤ ਦੀ ਏ।

★

ਸੰਤੋਖ ਸਿੰਘ



ਪਿਆਰ ਤੇ ਖੇੜੇ ਦਾ ਸਾਗਰ ਜੇ ਤੁਰਦਾ ਫਿਰਦਾ ਦੇਖਣਾ ਚਾਹੋ ਤਾਂ ਮੰਤ ਨਗਰ [ਤਸੀਲ ਸਰਸਾ] ਵਿਚ ਸਾਬਣ ਬਨਾਣ ਦੇ ਕਾਰਖਾਨੇ ਜਾਂ ਵਾਹੀ ਦੇ ਵਿਹਾਰ ਵਿਚ ਰੁਝੇ ਸੰਤੋਖ ਨਾਲ ਜਰੂਰ ਮੁਲਾਕਾਤ ਕਰੋ।

ਘਰ ਦੀਆਂ ਮਜਬੂਰੀਆਂ ਤੇ ਅਨ-ਸਾਹਿਤਕ ਵਾਤਾਵਰਣ ਵਿਚ ਰਹਿੰਦਾ ਹੋਇਆ ਕੋਈ ਅੱਠ ਸਾਲ ਤੋਂ ਕਵਿਤਾ ਲਿਖ ਰਿਹਾ ਹੈ। ਇਹਦੀ ਹਰ ਰਚਨਾ ਨਵੇਂ ਖਿਆਲ ਦੀ ਉਡਾਰੀ ਵਾਲੀ ਹੁੰਦੀ ਹੈ।

ਸੰਤ ਈਸ਼ਰ ਸਿੰਘ ਪਿੰਡ ਮਲ੍ਹੀਆਂ ਚਬੂਤਰੇ ਵਾਲੀਆਂ ਜ਼ਿਲਾ ਸ਼ੇਖੂਪੁਰਾ ਦੇ ਘਰ ੧੨ ਜੇਠ ਸੰਮਤ ੧੯੯੫ ਨੂੰ ਸੰਤੋਖ ਜੀ ਦਾ ਜਨਮ ਹੋਇਆ ਸੀ।

ਸੰਤੋਖ, ਸੰਤ ਤਰਨ ਸਿੰਘ ਜੀ 'ਵਹਿਮੀ' ਦਾ ਕਾਬਲ ਸ਼ਾਗਿਰਦ ਹੈ ਜੋ ਮੁਤਾਲੇ ਤੇ ਜ਼ਾਤੀ ਤਜਰਬੇ ਨਾਲ ਨਵੀਆਂ ਸੰਭਾਵਨਾਵਾਂ ਵਲ ਵਧ ਰਿਹਾ ਹੈ।

ਕਾਵਿ ਰਚਨਾ ਤੋਂ ਬਗੈਰ ਕਹਾਣੀ ਕਲਾ ਤੇ ਵੀ ਕਲਮ ਅਜ਼ਮਾਈ ਕਰ ਰਿਹਾ ਹੈ। ਨਾਮਧਾਰੀ ਸਾਹਿਤ ਸਭਾ ਦੀ ਸਥਾਪਨਾ ਵਿਚ ਇਹਦਾ ਬਹੁਤ ਸਾਰਾ ਹੱਥ ਹੈ ਤੇ ਹੁਣ ਸਭਾ ਦਾ ਮੀਤ ਸਕੱਤਰ ਹੈ।

ਦਿਲ ਕਿਸੇ ਦਾ ਦੁਖਾਇਆ !

ਹੋਸ਼ ਨੂੰ ਸੰਭਾਲ ਓ ਖਿਆਲ ਕਰ ਮੂੜ੍ਹ ਮਨਾ,
ਗੁਰੂ ਜੀ ਦੇ ਵਾਕ ਨੂੰ ਨਾ ਦਿਲ ਤੋਂ ਭੁਲਾਇਆ ਜਾਵੇ ।
ਦਿਲ ਵਿਚ ਝਾਤੀ ਮਾਰ ਬੈਠ ਕਦੇ ਸੋਚਿਆ ਈ,
ਕਿਤੇ ਚਿਟੀ ਚਾਦਰ ਨੂੰ ਦਾਗ਼ ਨਾ ਲਗਾਇਆ ਜਾਵੇ ।
ਉਹਨਾਂ ਦਾ ਏ ਵਾਕ ਸਾਧ ਸੰਗਤ ਹੈ ਪਾਕ ਸਾਕ,
ਇਕੋ ਅੱਖ ਨਾਲ ਉੱਚੇ ਨੀਵੇਂ ਨੂੰ ਤਕਾਇਆ ਜਾਵੇ ।
ਮਨ ਵਿਚ ਮਾਨ ਕਰ ਆਪਾ ਉਚਾ ਜਾਨ ਕਰ,
ਵੇਖੀਂ ਕਿਤੇ ਆਪਣਾ ਨਾ ਆਪ ਭਈ ਵਖਾਇਆ ਜਾਵੇ ।
ਫੁੱਲ ਨਾਲੋਂ ਕੂਲੇ ਹਰ ਦਿਲ ਵਿਚ ਵੱਸਦਾ ਹਾਂ,
ਪਵੇ ਮੈਨੂੰ ਚੀਸ ਜਾਂ ਗਰੀਬ ਧਮਕਾਇਆ ਜਾਵੇ ।
ਬਿਨਾਂ ਕਿਸੇ ਦੁਖ ਤੋਂ ਹੀ ਦਿਲ ਮੇਰਾ ਦੁਖਦਾ ਏ,
ਜਦੋਂ ਕਿਸੇ ਤਰ੍ਹਾਂ ਦਿਲ ਕਿਸੇ ਦਾ ਦੁਖਾਇਆ ਜਾਵੇ ।
ਸਤਿਗੁਰੂ ਸਚੇ ਦਾ ਸਦਾਕੇ ਸਿਖ ਸਿਖ ਭੁਲੇਂ,
ਕਰੀ ਜਾਵੇਂ ਆਪ ਕਹਿਨੈ ਦੂਜੇ ਨੂੰ ਹਟਾਇਆ ਜਾਵੇ ।
ਤਿਖਾ ਬੋਲ ਬੋਲ ਜਿਹੜਾ ਫਟ ਦਿਤਾ ਖੋਹਲ ਪਹਿਲਾਂ,
ਫੇਰ ਦਸ ਕਿਹੜੀ ਤਦਬੀਰ ਥੀਂ ਮਟਾਇਆ ਜਾਵੇ ।
ਜਿਹੜਾ ਕਦੇ ਰੁੱਸਾ ਨਾਹੀਂ ਜੀਹਦੇ ਦਿਲ ਗੁੱਸਾ ਨਾਹੀਂ,
ਹੈ ਇਨਸਾਫ ਮੁੜ ਮੁੜ ਠੁਕਰਾਇਆ ਜਾਵੇ ।
ਗੁਣਾਂ ਤਾਈਂ ਜਾਨਣਾਂ ਨਾ ਔਗੁਣ ਚਤੰਰ ਕਹਿਣਾ,
ਭਾਵੇਂ ਹੋਵੇ ਧੱਕਾ ਇਹਨੂੰ ਪਿਛਾਂਹ ਹੀ ਬਠਾਇਆ ਜਾਵੇ ।
ਉਹ ਤਾਂ ਸਦਾ ਰੀਝਦੇ ਨੇ ਪ੍ਰੇਮ ਤੇ ਪਿਆਰ ਉਤੇ,
ਮਾਇਆ ਮਿਠੇ ਦਿਤਿਆਂ ਨ ਸਾਹਿਬ ਤਾਈਂ ਪਾਇਆ ਜਾਵੇ ।
ਮਨ ਦਗ਼ੇ ਬਾਜ਼ੀ ਰਬ ਰਹੇ ਨਾਹੀਂ ਜਦੋਂ ਰਾਜ਼ੀ,
ਜਦੋਂ ਕਿਸੇ ਤਰ੍ਹਾਂ ਦਿਲ ਕਿਸੇ ਦਾ ਦੁਖਾਇਆ ਜਾਵੇ ।

ਪੂਜੇਂ ਦੇਵੀ ਦੇਵਤੇ ਅਰਾਧੇਂ ਬ੍ਰਹਮਾਂ ਵਿਸ਼ਨੂ ਜੀ,
ਭਾਵੇਂ ਗੰਗਾ ਜਮਨਾ ਸੁਰੱਸਤੀ ਤੇ ਨ੍ਹਾਇਆ ਜਾਵੇ ।
ਵਿਦਿਆ ਵਿਚਾਰ ਕੇ ਉਦਾਰ ਹੋਵੇਂ ਭਾਵੇਂ ਕਿੰਨੀ,
ਉੱਚੀ ਕਰ ਬਾਂਹ ਤੇ ਲੋਕਾਈ ਨੂੰ ਸੁਨਾਇਆ ਜਾਵੇ ।
ਵਾਸ਼ਨਾਂ ਨੂੰ ਮਾਰ ਘਰ ਬਾਹਰ ਨੂੰ ਵਿਸਾਰ ਭਾਵੇਂ,
ਚਿਤ ਹਰੀ ਦੇਵ ਜੀ ਦੇ ਚਰਨਾਂ ਚ ਲਾਇਆ ਜਾਵੇ ।
ਭਾਵੇਂ ਕਿੰਨੇ ਪੁੰਨ ਦਾਨ ਕਰਕੇ ਜਹਾਨ ਵਿਚ,
ਆਪਣੇ ਭਾ ਮਨੋ ਲੇਖਾ ਰਬ ਦਾ ਚੁਕਾਇਆ ਜਾਵੇ ।
ਸੂਹਮਾਂ, ਭਗਤ, ਦਾਤਾ, ਗਿਆਤਾ ਉਚ ਵਰਨਾ ਦਾ,
ਕਰਕੇ ਕਰਮ ਭਾਵੇਂ ਆਪ ਨੂੰ ਸੁਧਾਇਆ ਜਾਵੇ ।
ਤਾਂ ਭੀ ਜਾਪੇ ਪੂਰੇ ਧੜੇ ਉਸ ਵੇਲੇ ਭੁਲਦੇ ਨਹੀਂ,
ਜਦੋਂ ਕਿਸੇ ਤਰ੍ਹਾਂ ਦਿਲ ਕਿਸੇ ਦਾ ਦੁਖਾਇਆ ਜਾਵੇ ।
ਪਰ ਉਪਕਾਰ ਦੇ ਲਈ ਜਿੰਦ ਜਾਨ ਵਾਰ ਦੇਣੀ,
ਇਹੋ ਹੈ ਕਰਮ ਜੇ ਤਾਂ ਏਸ ਨੂੰ ਕਮਾਇਆ ਜਾਵੇ ।
ਅੱਠ ਸੱਠ ਤੀਰਥਾਂ ਦਾ ਮਿਲ ਜਾਵੇ ਪੁੰਨ ਆਪੇ,
ਜਦੋਂ ਕਿਸੇ ਦੁਖੀ ਤਾਈਂ ਰੋਂਦੇ ਨੂੰ ਵਰਾਇਆ ਜਾਵੇ ।
ਆਪ ਤਾਈਂ ਰਖਣਾ ਮਿਲਾਪ ਇਹੋ ਜਾਪ ਵਡਾ,
ਦੂਈ ਦਿਆਂ ਕੰਡਿਆਂ ਨੂੰ ਦਿਲ ਵਿਚੋਂ ਕਢਾਇਆ ਜਾਵੇ ।
ਮੋਹ ਮਾਇਆ ਕੂੜ ਛਾਇਆ ਦੂਰ ਕਰੇ ਦਿਲ ਵਿਚੋਂ,
ਮੈਂ ਮੇਰੀ ਤੇਰੀ ਤਾਂਈਂ ਖਾਕ ਚ ਮਿਲਾਇਆ ਜਾਵੇ ।
ਏਥੇ ਮਿਲੇ ਸੁਖ ਪ੍ਰਲੋਕ ਮੁਖ ਉਜਲ ਹੋਏ,
ਈਰਖਾ ਦਵੈਤ ਦਾ ਜੇ ਝੇੜਾ ਨਪਟਾਇਆ ਜਾਵੇ ।
ਪੈਂਦੀ ਕੀਤੀ ਕਤਰੀ ਹੈ ਖੂਹ 'ਸੰਤੋਖ ਸਿੰਘ'
ਜਦੋਂ ਕਿਸੇ ਤਰ੍ਹਾਂ ਦਿਲ ਕਿਸੇ ਦਾ ਦੁਖਾਇਆ ਜਾਵੇ ।

——o——

ਪ੍ਰਸ਼ਨ—

ਪੁਛੇ ਸਖੀ ਸਹੇਲੀ ਨੂੰ ਦਸ ਕਿਹੜੈ,
ਛਾਤੀ ਡਾਹ ਸਾਹਵੇਂ ਗੋਲੇ ਜਰਨ ਵਾਲਾ।
ਮੇਰੇ ਮਨ ਨੂੰ ਲਗਦੈ ਬੜਾ ਚੰਗਾ,
ਇਟਾਂ ਵਾਹਣ ਦੀਆਂ ਚੁਗ ਧਰਨ ਵਾਲਾ।
ਕੇਹੜੇ ਗੁਰੂ ਦਾ ਲਾਲ ਇਹ ਲਾਡਲਾ ਏ।
ਬਿਲੇ ਬਾਹਰਲੇ ਦੀ ਦਾੜ੍ਹੀ ਫੜਨ ਵਾਲਾ।
ਇਹਨਾਂ ਸੁਹਣਿਆਂ ਨੂੰ ਕਿੰਨ੍ਹੇ ਸਬਕ ਦਿਤੈ,
ਰਖਿਆ ਗਊ ਗਰੀਬ ਦੀ ਕਰਨ ਵਾਲਾ।

ਉਤਰ—

ਚੀਨੀ ਵਾਲਾ ਹੈ ਪ੍ਰਗਟਿਆ ਵਿਚ ਭੈਣੀ,
ਭੈਣੇ ਸਖਣੇ ਦਿਲਾਂ ਨੂੰ ਭਰਨ ਵਾਲਾ।
ਉਹਦੇ ਚਰਨ ਦੀ ਧੂੜ ਦੀ ਇਕ ਚੁਟਕੀ,
ਗੇੜ ਕਟਦੀ ਏ ਜਨਮ ਮਰਨ ਵਾਲਾ।
ਓਹਨਾਂ ਹਰੀ ਦਸ਼ਮੇਸ਼ ਦੀ ਕਰੀ ਸਿਖੀ,
ਰਾਹ ਦਸਿਆ ਜਗਤ ਦੇ ਤਰਨ ਵਾਲਾ।
ਮਾਹੀ ਉਹ ਹੈ ਇਹਨਾਂ ਮਸਤਾਨਿਆਂ ਦਾ,
ਰਖਿਆ ਗਊ ਗਰੀਬ ਦੀ ਕਰਨ ਵਾਲਾ।
ਓਸ ਜੋਤ ਅਕਾਲ ਦੀ ਪੰਥ ਕੂਕਾ,
ਅੜੀਏ ਸਾਜਿਆ ਏ ਦੁਖ ਹਰਨ ਵਾਲਾ।
ਨਾਮ ਦੇ ਚੁਅਖਰਾ ਫੂਕ ਮਾਰੀ,
ਭੇਦ ਮੇਟ ਦਿਤਾ ਜਾਤ ਵਰਨ ਵਾਲਾ।
ਗੁਰੂ ਰਾਮ ਸਿੰਘ ਦੁਖੀ ਦਾ ਆਸਰਾ ਨੇ,
ਨਾਮ ਉਹਨਾਂ ਦਾ ਹੈ ਪਾਲਨ ਸਰਨ ਵਾਲਾ।
ਦਿਤਾ ਸਿਦਕ 'ਸੰਤੋਖ' ਉਪਦੇਸ਼ ਏਹੋ,
ਰਖਿਆ ਗਊ ਗਰੀਬ ਦੀ ਕਰਨ ਵਾਲਾ।

ਚੁਤਾਲੀ

ਹਰਭਜਨ ਸਿੰਘ 'ਪ੍ਰਵਾਨਾ'



ਰੋਜ਼ ਸੁਣਦੇ ਹਾਂ ਕਿ ਸਕੂਲਾਂ ਕਾਲਜਾਂ ਵਿਚ ਜਾ ਕੇ ਮੁੰਡੇ ਅਵਾਰਾ ਹੋ ਜਾਂਦੇ ਨੇ, ਨਾਸਤਿਕ ਹੋ ਜਾਂਦੇ ਨੇ, ਪਰ 'ਪ੍ਰਵਾਨਾ' ਜੀ ਨਾਲ ਮੁਲਾਕਾਤ ਕਰਕੇ ਅਵੱਸ਼ ਹੀ ਇਹ ਕਹਿਣਾ ਪਵੇਗਾ ਕਿ ਵਿਗੜਦੇ ਉਹ ਹੀ ਹਨ, ਜਿੰਨਾ ਘਰ ਰਹਿਕੇ ਵੀ ਵਿਗੜ ਜਾਣਾ ਹੁੰਦਾ ਹੈ।

ਅੱਜ 'ਪ੍ਰਵਾਨੇ' ਨੂੰ ਚੌਥਾ ਸਾਲ ਏ ਕਾਲਜ ਦੇ ਵਾਤਾਵਰਨ ਵਿਚ ਵਿਚਰਦਿਆਂ, ਪਰ ਕੋਈ ਐਸੀ ਗੱਲ ਇਹਦੇ ਤੇ ਅਸਰ ਨਹੀਂ ਕਰ ਸਕੀ। ਓਹੀ ਸੋਹਣੀ ਨਾਮਧਾਰੀ ਦਸਤਾਰ, ਬਿਲਕੁਲ ਨਿਰੋਲ ਧਾਰਮਿਕ ਜੀਵਨ, ਸਾਦਾ ਪਹਿਰਾਵਾ ਅਤੇ ਨਿਰਮਾਣ ਬੋਲ ਚਾਲ ਇਹਦੀ ਸ਼ਖਸੀਅਤ ਦਾ ਸ਼ਿੰਗਾਰ ਹਨ।

ਮਾ: ਹਰਨਾਮ ਸਿੰਘ ਜੀ ਦੇ ਸਪੁਤਰ ਹਨ, ਜਿਹੜੇ ਕਿ ਕਪੜੇ ਦਾ ਵਿਉਪਾਰ ਕਰਕੇ 'ਪ੍ਰਵਾਨੇ' ਨੂੰ 'ਕੁਝ ਬਣਾਨ' ਦੇ ਜਤਨ ਵਿਚ ਹਨ।

ਇਹਦੇ 'ਸਤਿਜੁਗ' ਵਿਚ ਛਪੇ ਕੁਛ ਲੇਖ ਤੇ ਕਵਿਤਾਵਾਂ ਉਹਦੇ ਉਘਾ ਸਾਹਿਤਕਾਰ ਬਣਨ ਦੀ ਸ਼ਾਹਦੀ ਦਿੰਦੇ ਹਨ।

ਯਾਦ ਰਹੇਗਾ ਸਦਾ ਪਿਆਰ ਤੇਰਾ

ਸੂਰਜ ਲਹਿੰਦਿਓਂ ਕਰ ਦਏ ਸ਼ੁਰੂ ਚੜ੍ਹਨਾ,
ਸੀਤਲ ਚੰਦ੍ਰਮਾ ਅਗਨੀ ਦਾ ਰੂਪ ਹੋ ਜਾਏ।
ਉੱਚਾ ਪ੍ਰਬਤ ਹਿਮਾਲਾ ਜਾਏ ਪਿਘਲ ਸਾਰਾ,
ਸੱਤ ਸਮੁੰਦਰ ਇਕ ਛੋਟਾ ਜਿਹਾ ਕੂਪ ਹੋ ਜਾਏ।
ਜੱਲ ਆਪਣਾ ਸੀਤਲ ਸੁੱਭਾ ਤੱਜ ਦਏ,
ਸਾੜੇ ਅਗਨ ਨਾ, ਬਿੰਬ ਸਰੂਪ ਹੋ ਜਾਏ।
ਪਾਰਸ ਛੁਹ ਸੋਨਾ ਲਗ ਪਏ ਕਰਨ ਲੋਹਾ,
ਡਿੱਗੇ ਅੰਬਰ ਤੇ ਧਰਤ ਵੀ ਚੂਰ ਹੋ ਜਾਏ।
ਉਲਟਨ ਭਾਵੇਂ ਪ੍ਰਕ੍ਰਿਤੀ ਦੇ ਨਿਯਮ ਸੱਭੇ,
ਪਰ ਨਹੀਂ ਉਲਟਨਾ ਉੱਚਾ ਮਿਆਰ ਤੇਰਾ।
ਪਰਲੋ ਤੀਕ ਕੀ? ਪਰ੍ਹੇ ਮਹਾਂ-ਪਰਲੋ ਤੋਂ ਵੀ,
ਯਾਦ ਰਹੇਗਾ ਸਦਾ ਪਿਆਰ ਤੇਰਾ।
ਤੇਰੇ ਭਾਲ ਵਿਚ ਚਮਕਦਾ ਨੂਰ ਅਰਸ਼ੀ,
ਮੁਖੋਂ ਵੰਡਦਾ ਸ਼ੀਰੀਂ ਗੁਫ਼ਤਾਰ ਡਿੱਠਾ।
ਤੇਰੀ ਜਾਮ ਸੁਰਾਹੀਓਂ ਪੀ ਸਾਕੀ,
ਸ਼ੇਰ ਤਾਈਂ ਰਿਹਾ ਗਿੱਦੜ ਵੰਗਾਰ ਡਿੱਠਾ।
ਸੀ ਨੈਣਾਂ 'ਚੋਂ ਖ਼ੁਸ਼ੀ ਅਗੰਮੀ ਝਰਦੀ,
ਮਹਿਕ ਵੰਡਦਾ ਤੇਰਾ ਦੀਦਾਰ ਡਿੱਠਾ।
ਦੁਖੀ, ਗਊ, ਗਰੀਬ ਮਜ਼ਲੂਮ ਬਦਲੇ,
ਦੁਖ ਝਲਦਾ ਡੂੰਘਾ ਗਮਖ਼ਾਰ ਡਿੱਠਾ।
ਡਿੱਠਾ ਕੀ ਤੇ ਕੀ ਕੁਝ ਨਹੀਂ ਡਿੱਠਾ,
ਮੁਖੋਂ ਸੱਕਾਂ ਨਾ ਕਰ ਇਜ਼ਹਾਰ ਤੇਰਾ।
ਧਰਮ, ਅਰਥ, ਕਾਮ, ਮੋਖ, ਦੇ ਦਾਤਿਆ ਵੇ,
ਯਾਦ ਰਹੇਗਾ ਸਦਾ ਪਿਆਰ ਤੇਰਾ।

ਵਿਛੜੇ ਦਿਲਾਂ ਨੂੰ ਸਦਾ ਦੇ ਮੇਲਣੇ ਲਈ,
ਨਗ਼ਮਾ ਪਿਆਰ ਦਾ ਛੂੰਹਦਾ ਸਿਤਾਰ ਡਿੱਠਾ।
ਭਰ ਨੈਣ ਜਿਸ ਵੱਲ ਜ਼ਰਾ ਤਕ ਲੈਂਦੇਂ,
ਚੋਰ, ਯਾਰ, ਵੀ ਤੈਨੂੰ ਦਿਲਦਾਰ ਡਿੱਠਾ।
ਹੋ ਨਿਰਮਾਣ ਜਿਸ ਚਰਨ ਸਪਰਸ਼ ਕੀਤੇ,
(ਓਸ) ਰਿੱਧੀ ਸਿੱਧੀ ਤੇ ਮੁਕਤੀ ਭੰਡਾਰ ਡਿੱਠਾ।
ਹਿੰਦੂ, ਸਿੱਖ, ਮੁਸਲਿਮ, ਕੱਠੇ ਕਰ ਭੈਣੀ,
ਨਫ਼ਰਤ ਰੋਗ ਦਾ ਕਰਦਾ ਉਪਚਾਰ ਡਿੱਠਾ।
ਗੁਣ-ਪ੍ਰਬੀਨ, ਹੁਸੀਨ ਪ੍ਰਤਾਪ ਸਿੰਘ ਜੀ,
ਰੁੜ੍ਹਾਂ ਵਹਿਣ ਨਾ ਦਿੱਸੇ ਗੁਲਦਾਰ ਚੇਹਰਾ।
ਮੁਰਦੇ ਦਿਲਾਂ ਲਈ ਅੰਮ੍ਰਿਤ ਦੇ ਸੋਮਿਆਂ ਵੇ,
ਯਾਦ ਰਹੇਗਾ ਸਦਾ ਪਿਆਰ ਤੇਰਾ।
ਰਾਜ ਨੇਤਾ ਤੇ ਧਰਮ ਦਾ ਮਹਾਂ-ਨੇਤਾ,
ਕਰਦਾ ਧਰਮ ਦਾ ਸ਼ਾਂਤ ਪ੍ਰਚਾਰ ਡਿੱਠਾ।
ਛੁਹਕੇ ਚਰਨ ਨਾਲ ਪੱਥਰ ਸੁਰਜੀਤ ਕਰਦਾ,
ਹਰਫ਼ਨ ਮੌਲਾ ਮੈਂ ਰਾਮ ਅਵਤਾਰ ਡਿੱਠਾ।
ਮੱਝਾਂ,ਘੋੜਿਆਂ,ਗਊਆਂ ਦਾ ਪਿਆਰ ਕੇਂਦਰ,
ਮਾਲਕ ਕਲਾ ਦਾ ਕ੍ਰਿਸ਼ਨ ਮੁਰਾਰ ਡਿੱਠਾ।
ਮੂਸੇ ਤਾਈਂ ਕੋਹਕਾਫ਼ ਤੇ ਦੇ ਦਰਸ਼ਨ,
ਕਿਰਨਾਂ ਛੱਡਦਾ ਭਾਨ ਰੁਸ਼ਨਾਰ ਡਿੱਠਾ।
ਅਰਸ਼, ਫ਼ਰਸ਼, ਪਤਾਲ ਦੇ ਮਾਲਕਾ ਵੇ,
ਦੁਨੀਆਂ ਗਾਉਂਦੀ ਏ ਜਸ ਸਿਰਜਨਹਾਰ ਤੇਰਾ।
ਤ੍ਰਿਹੋਂ-ਤ੍ਰੁੱਠੇ 'ਪ੍ਰਵਾਨੇ' ਵੀ ਪਏ ਕੂਕਨ,
ਯਾਦ ਰਹੇਗਾ ਸਦਾ ਪਿਆਰ ਤੇਰਾ।
ਸਾਨੂੰ ਛੱਡ, ਕਿਉਂ ਸ੍ਵਰਗ ਸਿਧਾਰ ਗਏ ਓ,
ਚੀਨੀ ਵਾਲੜਾ ਅਜੇ ਮੁੜ ਆਇਆ ਤਾਂ ਨਹੀਂ।

ਉਹਦੀ ਯਾਦ ਦੇ ਭਾਂਬੜ ਨੇ ਤਿਉਂ ਬਲਦੇ,
ਬ੍ਰਿਹੋਂ ਅਗਨ ਦਾ ਭੱਠ ਬੁਝ ਪਾਇਆ ਤਾਂ ਨਹੀਂ।
ਫੱਟੇ-ਦਿਲਾਂ ਦੇ ਫੱਟ ਨੇ ਅਜੇ ਅੱਲੇ,
ਸੁੱਕਾ ਮੁੱਖੜਾ ਅਜੇ ਸਧਰਾਇਆ ਤਾਂ ਨਹੀਂ।
ਦੂਹਰੇ ਵਹਿਣ ਵਿਯੋਗ ਦੇ ਪਾ ਗਏ ਓ,
ਅਜੇ ਜਾਣ ਵਾਲਾ ਸਮਾਂ ਆਇਆ ਤਾਂ ਨਹੀਂ।
ਵਾਂਗ ਅਯੁਧਿਆ ਖ਼ਲਕ ਸਭ ਰੋ ਰਹੀ ਏ,
ਜੀਵਨ-ਚੰਨਾਂ ਕਰ ਯਾਦ ਉਪਕਾਰ ਤੇਰਾ।
ਨਰ ਪ੍ਰਾਣੀ ਕੀ ਜੱੜ੍ਹ ਵੀ ਕਹਿ ਰਹੇ ਨੇ,
ਯਾਦ ਰਹੇਗਾ ਸਦਾ ਪਿਆਰ ਤੇਰਾ।

ਮਾ: ਅਜੀਤ ਸਿੰਘ ਜੀ ਸੂਫੀ



ਇਹਦਾ ਨਾਮ ਤੇ ਚਿਹਰਾ ਹੀ ਸੂਫਿਆਨਾ ਨਹੀਂ ਸਗੋਂ ਚਾਲ ਢਾਲ, ਹਾਵ ਭਾਵ, ਰਹਿਣੀ ਬਹਿਣੀ ਸਭੋ ਕੁਝ ਸੂਫਿਆਨਾ ਹੀ ਹੈ।

ਜੇ ਕਿਤੇ ਤੁਹਾਨੂੰ ਕੋਈ ਗੱਲ ਵੀ ਕਵਿਤਾ ਵਿਚ ਕਰਦਾ, ਇਥੋਂ ਤਕ ਕਿ ਹਰ ਕੰਮ ਕਵਿਤਾ ਦੇ ਹੁਲਾਰੇ ਵਿਚ ਕਰਦਾ ਦਿਸੇ ਤਾਂ ਬੜੇ ਸ਼ੌਕ ਨਾਲ ਇਹਨਾਂ ਨੂੰ 'ਸੂਫੀ ਜੀ' ਕਹਿਕੇ ਬੁਲਾ ਲਵੋ। ਅਵੱਸ਼ ਹੀ ਆਪ ਮਾ: ਅਜੀਤ ਸਿੰਘ ਜੀ ਹੋਣਗੇ।

ਜ਼ਿਲਾ ਅੰਮ੍ਰਿਤਸਰ ਦੇ ਪਿੰਡ ਡੱਲ ਵਿਚ ਆਪਦਾ ੧੩ ਦਸੰਬਰ ੧੯੩੪ ਨੂੰ ਜਨਮ ਹੋਇਆ। ਬਚਪਨ ਵਿਚ ਹੀ ਪਿਤਾ ਦੇ ਸਾਏ ਤੋਂ ਵਾਂਝੇ ਹੋ ਗਏ। ਮੈਟ੍ਰਿਕ ਕੀਤੀ। ਇਹਨਾਂ ਨੂੰ ਆਪਣੇ ਸਕੂਲ ਵਿਚ ਹੀ ਅਧਿਆਪਕੀ ਵਾਸਤੇ ਸਦਿਆ ਗਿਆ ਪਰ ਸ਼ਰਤ ਰਖੀ ਕਿ ਨਾਮਧਾਰੀ ਪਗੜੀ ਬਦਲੀ ਜਾਏ। ਇਹ ਨਾ-ਮਨਜ਼ੂਰ ਕਰਕੇ ਮਾ: ਸੁਹਾਵਾ ਸਿੰਘ ਜੀ ਦੀ ਪਰੇਰਨਾ ਨਾਲ ੧੯੫੭ ਵਿਚ ਜੀਵਨ ਨਗਰ ਆ ਗਏ ਤੇ ਨਾਮ: ਮਹਾਵਿਦਿਆਲੇ ਵਿਚ ਅਧਿਆਪਕ ਲਗ ਗਏ।

ਸਾਡਾ ਝੁੱਗਾ ਸ਼ਰਾਬ ਉਜਾੜਿਆ ਏ !

ਗਰਭ ਗੰਦਗੀ ਦਾ ਹੋ ਪ੍ਰਸੂਤ ਨਿਕਲੇ,
ਕੋਹ ਕਾਫ ਦੀ ਪਰੀ ਜਾਂ ਨਾਰ ਵਿਚੋਂ ।
ਬੰਦ ਬੋਤਲਾਂ ਵਿਚ ਪ੍ਰਵੇਸ਼ ਕਰਕੇ,
ਕਤਲ ਕਰਦੀ ਏ ਸਾਰੇ ਬਾਜ਼ਾਰ ਵਿਚੋਂ ।
ਜਿਨ੍ਹਾਂ ਬੁਲ੍ਹੀਆਂ ਤਾਈਂ ਇਹ ਚੁੰਮ ਲੈਂਦੀ,
ਅਕਲ ਉਡਦੀ ਮਾਰ ਉਡਾਰ ਵਿਚੋਂ ।
ਸ਼ਕਲ ਸਾਕੀ ਦੀ ਥੋਮ ਦੀ ਗੁਲੀ ਵਾਂਗੂੰ,
ਗੁਝੀ ਰਹੇ ਨ ਲੱਖ ਹਜ਼ਾਰ ਵਿਚੋਂ ।
ਅੰਮਾਂ ਰੰਨ ਨੂੰ ਵੀਰ ਅਖਵਾ ਵੈਰੀ,
ਕਤਲ ਫਾਂਸੀਆਂ ਤਾਈਂ ਵਿਗਾੜਿਆ ਏ ।
ਪੱਲੇ ਪਾ ਕਚਹਿਰੀਆਂ ਚੰਦਰੀ ਨੇ,
ਸਾਡਾ ਝੁਗਾ ਸ਼ਰਾਬ ਉਜਾੜਿਆ ਏ ।

ਵਿਆਹ ਸ਼ਾਦੀਆਂ 'ਚ ਇਸ ਨੈਣ ਬਾਝੋਂ,
ਪ੍ਰਾਹੁਣਚਾਰੀ ਨਾਂ ਹੁੰਦੀ ਮਨਜ਼ੂਰ ਕੋਈ ।
ਆਏ ਗਏ ਦੇ ਅਗੇ ਨ ਧਰੇ ਬੋਤਲ,
ਗਿਣੀ ਜਾਵੇ ਨ ਅਕਲ ਸ਼ਊਰ ਕੋਈ ।
ਧਨੀਲੋਕਾਂ ਦਾ ਬਣਿਆ ਏ ਸ਼ੁਗਲ ਮੇਲਾ,
ਬਚਿਆ ਏਸ ਤੋਂ ਨਹੀਂ ਮਜ਼ਦੂਰ ਕੋਈ ।
ਲਾਲ ਪਰੀ ਦਾ ਕੋਈ ਪ੍ਰਯੋਗ ਕਰਦਾ,
ਰੂੜੀ ਮਾਰਕਾ ਪੀਵੇ ਮਖ਼ਮੂਰ ਕੋਈ।
ਧਰਮ ਸਾਰਿਆਂ ਨੇ ਇਸਤੋਂ ਕਰੀ ਘਿਰਣਾ,
ਇਹਨੇ ਧਰਮ ਨੂੰ ਬੋਤਲੀਂ ਵਾੜਿਆ ਏ ।
ਥਾਂ ਪੂਜਾ ਦੀ ਬਣੇ ਕਲਾਲਖਾਨੇ,
ਸਾਡਾ ਝੁੱਗਾ ਸ਼ਰਾਬ ਉਜਾੜਿਆ ਏ ।

ਮਾਰੂ ਰੋਗਾਂ ਦਾ ਹੋਣਾ ਸ਼ਿਕਾਰ ਚਾਹੋ,
ਤੇ ਔਲਾਦ ਨੂੰ ਕਰਨ ਖੁਆਰ ਕੋਈ।
ਜੇ ਕਰ ਚਾਹੋ ਇਖ਼ਲਾਕ ਤੋਂ ਹਥ ਧੋਣੇ,
ਪਾ ਲਏ ਇਸਦੇ ਨਾਲ ਪਿਆਰ ਕੋਈ।
ਇਸ ਈਦ ਦਾ ਬਕਰਾ ਬਣੇ ਜੇਕਰ,
ਦਿਨ ਰੰਗਲੇ ਮਾਣ ਲਏ ਚਾਰ ਕੋਈ।
ਜਿੰਦ ਵਾਰ ਕੇ ਥੋੜੀ ਜਿਹੀ ਮੌਜ ਬਦਲੇ,
ਜਾਵੇ ਨਰਕ ਚੋਂ ਨਰਕ ਸਿਧਾਰ ਕੋਈ।
ਸੁਰ ਨਾਮ ਚਿੰਗਾੜੀ ਤੇ ਆਬ ਪਾਣੀ,
ਏਸ ਪਾਣੀ ਨੇ ਅੱਗ ਦਾ ਧਾਰਿਆ ਏ।
ਦੇਹਾਂ ਸਾੜ ਕੇ ਵਾਂਗ ਪਟਰੌਲ ਲੱਖਾਂ,
ਸਾਡਾ ਝੁੱਗਾ ਸ਼ਰਾਬ ਉਜਾੜਿਆ ਏ।
ਮੱਟੀ ਦੇਹੀ ਦੀ ਸ਼ੌਕ ਦਾ ਪਾਣੀ,
ਅਤਰ ਖਿਚ ਤੂੰ ਕਰਣਾ ਨਿਹਾਰ ਕੋਲੋਂ।
ਨਿਕਲ ਸੋਮਿਓਂ ਕਾਲਖਾਂ ਦੂਰ ਕਰਦਾ,
ਰੰਗ ਚਾੜ੍ਹਦਾ ਏ ਤੁਰੀਆ ਤਾਰ ਕੋਲੋਂ।
ਗੂਰੂ ਨਿਗਾਹ ਦਾ ਨਸ਼ਾ ਕੀ ਕੋਈ ਜਾਣੇ,
ਪੁਛ ਬਾਵਰੇ ਕਿਸੇ ਦਿਲਦਾਰ ਕੋਲੋਂ।
ਨੈਣ ਪਿਆਲੀਉਂ ਮਿਲੇ ਜੇ ਬੂੰਦ ਕੋਈ,
ਜਿੰਦ ਛੁਟੇਗੀ ਖੁਦੀ ਹੰਕਾਰ ਕੋਲੋਂ।
ਸਚੇ ਸਾਕੀਆਂ ਦੇ ਦਿਲ ਰੋਕ ਉਤੋਂ,
ਦੀਨ ਦੁਨੀਆਂ ਨੰਦ ਨੇ ਵਾਰਿਆ ਏ।
ਉਹ ਰਸ ਜੋ ਮਿਲੇ ਨ ਕਹਾਂ ਸੂਫੀ,
ਸਾਡਾ ਝੁੱਗਾ ਸ਼ਰਾਬ ਉਜਾੜਿਆ ਏ।

—o—

ਓ ! ਚੀਨੀ ਅਸਵਾਰ !

ਹੇ ਦਿਵ ਜਯੋਤੀ, ਹੇ ਸੁਹੱਪਣ ਦੇ ਨਿਖਾਰ ।
ਸੂਖਸ਼ਮ ਰੂਹਾਂ ਦੇ ਵਿਚ, ਖੜਕੇ ਤੇਰੀ ਸਿਤਾਰ ।

ਪੀਲਤਣ ਦੀ ਜੀਵਨ ਲਤਿਕਾ, ਹੇ ਤੂੰ ਰੂਪ ਰੰਗ ।
ਫੁੱਲ ਪਤੀਆਂ ਦੇ ਵਿਚ, ਭਰਨੀ ਏ ਜਲ ਤਰੰਗ ।

ਬਹਿ ਬਹਿਕੇ ਲਾਲ ਪੀਲੀਆਂ, ਤੂੰ ਬੁੱਲੀਆਂ ਦੇ ਵਿੱਚ
ਲੈਂਨੀ ਏ ਘੱਤ ਕਮੰਦਾਂ, ਹਰ ਹਿਰਦੇ ਨੂੰ ਖਿੱਚ ।

ਤੋੜ ਤੋੜਕੇ ਚੰਨ ਤਾਰੇ, ਪਈ ਜੋਬਨ ਉਤਾਰੇਂ ।
ਫਰਸ਼ਾਂ ਨੂੰ ਸੀਵੇਂ, ਤੇ ਅਰਸ਼ਾਂ ਨੂੰ ਪਾੜੇਂ ।

ਕੀਹਦੇ ਆਗਮਨ ਵਿਚ, ਵਿਛੇ ਨੇ ਸੁਹਲ ਗਲੀਚੇ ।
ਕੀਹਦੇ ਪਿਆਰ ਅੰਦਰ, ੇਚ ਜ਼ੁਲਫਾਂ ਦੇ ਪੀਚੇ ।

ਨੀ ਸੁਹਲ ਸੁਨੱਖੀਏ, ਮਟਕਾਈਆਂ ਕਿਵੇਂ ਅਜ ਅਖੀਆਂ ।
ਨੀ ਮਸਤ ਅਲਬੇਲੀਏ, ਕਿਧਰ ਨਾਜ਼ ਨਿਗਾਹਾਂ ਨੇ ਚਾ ਰਖੀਆਂ ।

ਕਉਣਾ ਆਏਗਾ, ਅਜ ਤੇਰੇ ਦੁਆਰ ।
ਆਉਣਗੇ ਆਉਣਗੇ, ਨੀ ਉਹ ਮੇਰੇ ਭਤਾਰ ।

ਹੇ ਸੁਬਾਹ ਦੀ ਸੁਨਹਿਰੀ, ਹੇ ਪਹੁ ਫੁਟਾਲੇ ਦੀ ਲੋ ।
ਨਿੱਤ ਆ ਕਮਾਕੇ, ਦਿਵੇਂ ਦਿਨਕਰ ਦੀ ਸੋ ।

ਕਹੋ ਅਜ ਮੇਰੇ ਉਸ, ਸੂਰਜ ਦੀ ਰਥ ਸਵਾਰ ।
ਕਿਥੇ ਕੁ ਆਉਂਦੇ ਨੇ, ਓਹ ਚੀਨੀ ਅਸਵਾਰ ।

*

ਗੁਰਬਖਸ਼ ਸਿੰਘ ਬੁੱਢੀ ਮਾੜੀ

ਕਈ ਵੇਰਾਂ ਇਹ ਸੁਣਨ ਸੁਣਾਨ ਤੇ ਮਜਬੂਰ ਹੋਈਦਾ ਹੈ ਕਿ ਸਾਨੂੰ ਵਕਤ ਨਹੀਂ ਮਿਲਦਾ, ਕਿਤੇ ਸਿਰ ਖੁਰਕਣ ਨਹੀਂ ਹੁੰਦਾ, ਕਵਿਤਾ ਕਦੋਂ ਲਿਖੀਏ। ਇਹ ਸਭ ਬਹਾਨੇ ਸਾਬਤ ਹੁੰਦੇ ਹਨ ਜਦੋਂ ਗੁਰਬਖਸ਼ ਸਿੰਘ ਦੇ ਜੀਵਨ ਤੇ ਨਜ਼ਰ ਮਾਰੀਏ ਤਾਂ।

ਦਿਨੇ ਸਾਰਾ ਦਿਨ ਕਿਸੇ ਗੋਅ ਤੇ ਬੈਠਕੇ ਇੱਟਾਂ ਲਾਉਣੀਆਂ ਤੇ ਰਾਤੀਂ ਆਣਕੇ ਜਾਂ ਸਵੇਰੇ ਵੇਲੇ ਉਠਕੇ ਇਕ ਹਲ ਦੀ ਵਾਹੀ ਦਾ ਕੰਮ ਵੀ ਕਰਨਾ ਅਤੇ ਫਿਰ ਕਾਵਿ-ਉਡਾਰੀ ਵੀ ਲਾਉਣਾ, ਵਾਕਿਆ ਹੀ ਸਾਧਾਰਨ ਆਦਮੀ ਲਈ ਬਹੁਤ ਔਖਾ ਹੈ।

ਉਮਰ ਇਹਦੀ ਭਾਵੇਂ ੨੨,੨੩ ਸਾਲ ਦੀ ਹੋਣੀ ਏਂ ਪਰ ਵੇਖਣ ਵਿਚ ੧੬ ਸਾਲ ਦਾ ਹੀ ਲਗਦਾ ਏ। ਕਿਉਂ ? ਦਾੜ੍ਹੀ ਖੌਰੇ ਇਸਦੀ ਠੋਡੀ ਤੇ ਆਉਣ ਦੀ ਥਾਂ ਕਿਸੇ ਹੋਰ ਤੇ ਜਾ ਦਿਆਲ ਹੋਈ ਹੈ।

ਵਧੀਆ ਰਹਿਣਾ, ਵਧੀਆ ਪਹਿਨਣਾ, ਵਧੀਆ ਬੋਲਣਾ ਅਤੇ ਵਧੀਆ ਲਿਖਣਾ ਇਸਦਾ ਇਸ਼ਕ ਹੈ।

ਦੇਸ ਨੂੰ ਉਸਾਰ ਲੈ

ਬੰਦਗੀ ਹੈ ਜ਼ਿੰਦਗੀ ਦੀ ਗੰਦਗੀ ਨੂੰ ਦੂਰ ਕਰੇ,
ਰੰਗਤਾ ਦੇ ਨਾਮ ਦੀ ਤੇ ਹੰਗਤਾ ਨੂੰ ਮਾਰ ਲੈ।
ਬੰਦਿਆਂ ਤੂੰ ਖੋਟਿਆਂ ਤੇ ਮੋਟਿਆਂ ਦਾ ਖਹਿੜਾ ਛੱਡ,
ਅੜੋ ਅੜੀ, ਫੜੋ ਫੜੀ ਆਪਣੀ ਵਿਸਾਰ ਲੈ।
ਟਮਕ ਟਮਕ ਟਮ ਟਮ ਵਾਂਗ ਮਨ ਭਜੇ,
ਬਣ ਕੋਚਵਾਨ, ਦੇ ਲਗਾਮ ਤੂੰ ਖਲ੍ਹਾਰ ਲੈ।
ਜੋਹਰ ਰੂਪੀ ਇੱਟਾਂ ਅਤੇ ਚੂਨਾ ਲਾ ਪਿਆਰ ਵਾਲਾ,
ਰਾਜ ਲਾ ਚੇਤੰਨ ਰੂਪੀ ਦੇਸ ਨੂੰ ਉਸਾਰ ਲੈ।
ਮਾਰੂ ਸਾਇੰਸ ਨਾਲ ਲੈ ਟੱਕਰ ਤੂੰ ਅਮਨਾਂ ਦੀ,
ਹੋਕਾ ਦੇ ਪਿਆਰ ਦਾ ਤੇ ਤੋਪ ਨੂੰ ਖਲ੍ਹਾਰ ਲੈ।
ਅੜੇ ਜਿਹੜਾ ਸਾਹਵੇਂ ਤੇਰੇ ਝੜੇ ਫੁੱਟ ਨਰਮਾਂ ਜਿਉਂ,
ਪਾਂਡਵਾਂ ਦੇ ਵਾਂਗ ਗਾਂਡੀਵਧਨਖ ਤੂੰ ਟੁੰਕਾਰ ਲੈ।
ਮਹਾਂ ਸਿੰਘ ਵਾਂਗਰਾਂ ਤੂੰ ਭੁੱਲਾਂ ਬਖਸ਼ਾਣ ਦੇ ਲਈ,
ਭੇਟਾ ਧਰ ਸੀਸ ਦੀ ਤੂੰ ਪਿਆਰੇ ਦਾ ਪਿਆਰ ਲੈ।
ਭਾਰ ਲੱਥੇ ਸਿਰੋਂ ਤੇਰੇ ਧੁਪੇਗਾ ਕਲੰਕ ਸਾਰਾ,
ਭਗਤ ਸਿੰਘ ਵਾਂਗ ਜਿੰਦ ਦੇਸ ਤੋਂ ਤੂੰ ਵਾਰ ਲੈ।
ਸਾਦਰ ਨਿਰਾਦਰ ਨੂੰ ਹੱਕ ਦੇ ਬਰਾਬਰ ਦਾ,
ਮੇਰ ਤੇਰ ਇਕੋ ਵੇਰ ਦਿਲ ਤੋਂ ਨਿਕਾਰ ਲੈ।
ਉੱਜੜੀ ਵਸਾ ਦੇ ਤੇ ਵਿਗੜੀ ਬਣਾ ਦੇ ਸਿੰਘਾ,
ਕਰ ਕੱਠੇ ਇਕੋ ਵੇਰ ਸਾਰੇ ਪ੍ਰਵਾਰ ਲੈ।
ਵੈਰ ਤੇ ਵਿਰੋਧਤਾ ਅਧੀਨਤਾ ਨਿਕੰਮੇ ਕੰਮ,
ਸਾਰਿਆਂ ਨੂੰ ਕੱਢ ਦਿਲੋਂ ਜੇਸ ਸੰਸਾਰ ਲੈ।
ਭੇਦ ਭਾਵ ਭਰਮ ਵਾਲਾ ਦਿਲੋਂ ਪਾੜ ਚਿੱਠਾ ਛੱਡ,
ਸਤਵਾਦੀ ਬਣ ਅਤੇ ਦੇਸ ਨੂੰ ਉਸਾਰ ਲੈ।

ਬੁਰੰਜਾ

ਪੈਂਟ ਕੋਟ ਨਕਟਾਈ ਐਤਰਾ ਲਿਬਾਸ ਸਾਰਾ,
ਫੈਸ਼ਨ ਇਹ ਗੋਰਿਆਂ ਦਾ ਤਨ ਤੋਂ ਉਤਾਰ ਲੈ।
ਗਊ ਤੇ ਗਰੀਬ ਨੂੰ ਤੂੰ ਛੁਰੀ ਤੋਂ ਬਚੌਣ ਦੇ ਲਈ,
ਕਰ ਹਿੰਦ ਹਾਜ ਨਾਲ ਪੱਕਾ ਤਕਰਾਰ ਲੈ।
ਦੁਸ਼ਮਨਾ ਜੇ ਫਾਂਸੀ ਤਾਈਂ ਸਹਿਣਾ ਪਵੇ ਤੋਪ ਗੋਲਾ,
ਕਰ ਸਿਰੜ ਸੂਰਿਆ ਤੂੰ ਗੋਲੇ ਤਾਈਂ ਠਾਰ ਲੈ।
ਵਸੇ ਆ ਪੰਜਾਬ ਫੇਰ ਚੀਨੀ ਅਸਵਾਰ ਸਾਡਾ,
ਉੱਚਾ ਸੁੱਚਾ ਸੋਨ ਚਿੜੀ ਦੇਸ ਤੂੰ ਉਸਾਰ ਲੈ।
ਭਰਿਆ ਪ੍ਰਤਾਪ ਦਾ ਭੰਡਾਰ ਪ੍ਰਤਾਪ ਦਿਤਾ,
ਨਿਮੋਝੂਣਾ ਹੋ ਨ ਤੇ ਵਸਤ ਸੰਭਾਰ ਲੈ।
ਝੁਕਲ ਉਤਾਰ ਕਮਰ ਕੱਸਾ ਕਰ ਝਟ ਪਟ,
ਜ਼ੁਲਮ ਮਿਟਾਣ ਦੇ ਲਈ ਹੱਥ ਤਲਵਾਰ ਲੈ।
ਹਿੰਦੀ ਦੀ ਹੈ ਮਾਤਾ ਗਊ ਹਿੰਦੀ ਹੀ ਪਿਆ ਘਾਤ ਕਵੇ,
ਹੱਥ ਉਹਦੇ ਰੋਕਣੇ ਲਈ ਪ੍ਰੇਮ ਦੀ ਕਟਾਰ ਲੈ।
ਗਊ ਹਿਤ ਕਈ ਮੋਏ ਗਏ ਪਰਦੇਸ ਪੀਆ,
ਕਰ ਰਖਿਆ ਗਊ ਦੀ ਤੂੰ ਉਨ੍ਹਾਂ ਦਾ ਪਿਆਰ ਲੈ।
ਜਾਂਦਾ ਨਾ ਪ੍ਰਤਾਪ ਗੁਰ ਛੱਡ ਕੇ ਅਸਾਡੀ ਬਾਂਹ,
ਆਪੋ ਧਾਪੀ ਸਾਡੇ ਵਿਚ ਹੁੰਦੀ ਜੇ ਨਾ ਰਾਰ ਲੈ।
ਦੇ ਦੇ ਧਮੁੰਨ ਅੱਖੀਂ ਰੋਂਵਦੇ ਨਾ ਸਾਰੇ ਅਸੀਂ,
ਮੰਨਦੇ ਮਸਤਾਨੇ ਜੇਕਰ ਗੁਰੂ ਗੁਫਤਾਰ ਲੈ।
ਦੇਸ਼ ਭਗਤ ਗੋ-ਪਾਲ ਨਾਮਧਾਰੀ ਸੂਰੇ ਤਾਈਂ,
ਲਾਂਵਦਾ ਨਾ ਹੱਥ ਕੜੀ ਗੋਰਾ ਕਦੀ ਯਾਰ ਲੈ।
ਕਹੇ ਗੁਰਬਖਸ਼ ਸਿੰਘ ਪਵੇ ਨਾਹੀਂ ਕਦੇ ਵਿੰਗ,
ਓਟ 'ਜਗਜੀਤ' ਦੀ ਲੈ ਦੇਸ ਨੂੰ ਉਧਾਰ ਲੈ।

——o——

ਮਾ: ਅਮਰੀਕ ਸਿੰਘ



ਫਰਿਸ਼ਤਿਆਂ ਵਰਗਾ ਚਿਹਰਾ ਮਨੁਖੀ ਦਰਦ ਨਾਲ ਭਰੀ ਆਤਮਾ, ਕਦੀ ਬੜਾ ਮਿਠਾ ਤੇ ਕਦੀ ਅਕੇਵੇਂ ਭਰਿਆ ਬੋਲ ਅਠੇ ਪਹਿਰ ਗੁਆਚਾ ਧਿਆਨ ਪਰ ਨਾਲ ਹੀ ਚੁਟਕਲਿਆਂ ਵਰਗੀ ਤਬੀਅਤ, ਫੜਫੜਾਂਦੇ ਹਾਸਿਆਂ ਨਾਲ ਵੰਨ ਸੁਵੰਨੀਆਂ ਸੁਣਾਨ ਵਾਲਾ ਇਹੋ ਹੀ ੨੮-੩੦ ਸਾਲਾ ਗੋਰਾ ਨਿਸ਼ੋਹ ਜੁਆਨ ਮਾਸਟਰ ਅਮਰੀਕ ਸਿੰਘ ਹੈ, ਜ਼ਿੰਦਾ ਦਿਲਾਂ ਦਾ ਸਰਦਾਰ ਤੇ ਅਜੇਹਾ ਸ਼ਾਹ ਦਿਲ ਜਿਹੜਾ ਕਿਸੇ ਮੌਕੇ ਵੀ ਲੋਕ ਭਲਾਈ ਲਈ ਉਲਾਰ ਹੋ ਸਕਦਾ ਹੈ ।

ਘਰੋਂ ਤਕੜਾ, ਭਾਗੋਂ ਵਡਭਾਗਾ, ਆਪ ਬਚਿਆਂ ਵਾਲਾ ਹੋਕੇ ਅਜੇ ਨਿੱਤ ਹੀ ਦਾਦਾ ਜੀ ਦੇ ਦਰਸ਼ਨ ਕਰਦਾ ਹੈ ਬੜੀਆਂ ਉਪਰਾਮ ਹਾਲਤਾਂ ਵਿਚ ਰਹਿੰਦਿਆਂ, 'ਭਲੇ ਦਿਨਾਂ ਦੀ ਆਸ' ਨਾਲ ਧੜਕਦਾ ਇਹ ਜੁਆਨ ਸ: ਕਰਤਾਰ ਸਿੰਘ ਜੀ ਲਾਲੇ ਪੁਰੀਏ ਜ਼ਿਲਾ ਗੁਜਰਾਂਵਾਲਾ ਦੇ ਘਰ ਦੀ ਆਸ਼ਾ ਦੀ ਪਹਿਲੀ ਕਿਰਨ ਹੈ ।

ਦਸਵੀਂ ਪਾਸ ਕਰਕੇ ਜ਼ਿੰਦਗੀ ਦੀ ਜਦੋਜਿਹਦ ਵਿਚ ਪੈ ਗਿਆ ਤੇ ਜਿਥੇ ਵੀ ਗਿਆ ਆਪਣੇ ਦੁਆਲੇ ਉਸ ਨੇ ਇਕ ਖੁਸ਼ ਰਹਿਣਾ ਮਾਹੌਲ ਪੈਦਾ ਕਰ ਲਿਆ । ਅਮਰਾਸਰ [ਜ਼ਿਲਾ ਹਿਸਾਰ] ਵਿਚ ਇਸਦੇ ਆਇਆਂ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਪਾਰਦਰਸ਼ੀ ਨਿਗਾਹ ਨੇ ਇਸਨੂੰ ਧੁਰ ਡੂੰਘਾਈਆਂ ਤਕ ਪਛਾਣ ਲਿਆ ਅਤੇ ਆਪਣੇ ਨੇੜੇ ਰਖਣ ਦੇ ਬਹਾਨੇ ਪੈਦਾ ਕਰ ਲਏ ।

ਅਜ ਕਲ ਇਹ ਸ੍ਰੀ ਮਾਨ ਜੀ ਨਾਮਧਾਰੀ ਮਹਾ ਵਿਦਿਆਲਾ ਦੇ ਹਰ ਦਿਲ ਅਜ਼ੀਜ਼ ਅਧਿਆਪਕ ਹਨ ਤੇ ਸ੍ਰੀ ਸਤਿਗੁਰ ਜੀ ਦੇ ਅਤਿਅੰਤ ਵਿਸਵਾਸੀ ਵੀ । ਇਹਨਾਂ ਦੀ ਕਵਿਤਾ ਦੀ ਉਡਾਰੀ ਤਾਂ ਤੁਸੀਂ ਤਕੋਗੇ ਹੀ ਨਾਲ ਹੀ ਤੁਸੀਂ ਇਹਨਾਂ ਵਲੋਂ ਦੂਜੇ ਕਵੀਆਂ ਨਾਲ 'ਜਾਣ ਪਛਾਣ' ਦੇ ਸ਼ਬਦਾਂ ਵਿਚੋਂ ਇਹਨਾਂ ਦੀ ਅੰਤ੍ਰਆਤਮਾ ਦੀ ਚਮਕ ਵੀ ਅਨੁਭਵ ਕਰ ਸਕੋਗੇ । ਅਮਰੀਕ ਸਿੰਘ ਸਾਹਿਤ ਸਭਾ ਦਾ ਸੰਪਰਕ [ਤਾਲਮੇਲ] ਸਕੱਤ੍ਰ ਵੀ ਹੈ ।

ਐ ਨਾਮਧਾਰੀ......

ਐ ਨਾਮਧਾਰੀ ਨੌਜਵਾਂ ਕੁਝ ਕਰਨ ਦੀ ਏ ਲੋੜ।
ਅਗਨੀ ਦੇ ਸਾਗਰਾਂ ਨੂੰ ਠੰਡਾ ਕਰਨ ਦੀ ਏ ਲੋੜ।

ਝੱਖੜ ਦਵੈਤ ਈਰਖਾ ਦੇ ਝੁੱਲ ਪਏ ਚੁਫੇਰ।
ਐਹੋ ਜਹੇ ਸਮੇਂ ਨਾ ਲਾਣੀ ਚਾਹੀਦੀ ਏ ਦੇਰ।
ਤੂੰ ਸੂਰਮਾ ਹੈਂ ਕਾਹਦੀ ਤੈਨੂੰ ਡਰਨ ਦੀ ਏ ਲੋੜ।
ਐ ਨਾਮਧਾਰੀ . . . .

ਓਦੋਂ ਖਿਲਾਫ ਜ਼ੁਲਮ ਦੇ ਤੂੰ ਲਾਈ ਸੀ ਸਦਾ।
ਅੰਗਰੇਜ਼ ਜਦ ਲਹਿਰੇ ਅਜ਼ਾਦੀ ਕਰ ਦਿਤੀ ਫਨਾ।
ਓਸੇ ਤਰ੍ਹਾਂ ਅਜੇ ਵੀ ਹਿੰਮਤ ਕਰਨ ਦੀ ਏ ਲੋੜ।
ਐ ਨਾਮਧਾਰੀ . . . .

ਤੂੰ ਅਮਨ ਦਾ ਸੰਦੇਸ਼ ਹਰ ਬਸ਼ਰ ਨੂੰ ਦੇ ਸੁੱਣਾ।
ਭਟਕੇ ਹੋਏ ਜਗਤ ਨੂੰ ਸਿੱਧਾ ਰਸਤਾ ਦੇ ਵਿਖਾ।
ਉਦੇਸ਼ ਸਤਿਗੁਰਾਂ ਦਾ ਸਿਰੇ ਚੜ੍ਹਨ ਦੀ ਏ ਲੋੜ।
ਐ ਨਾਮਧਾਰੀ . . . .

ਤੇਰੇ ਜਹੇ ਇਨਸਾਨ ਨੂੰ ਉਡੀਕਦਾ ਜਹਾਂ।
ਅਦਾਵਤਾਂ ਦਾ ਜੱਗ ਤੋਂ ਜਿਹੜਾ ਦੇ ਮਿੱਟਾ ਨਿਸ਼ਾਂ।
ਵਰਖਾ ਅਮਨ ਤੇ ਸ਼ਾਂਤੀ ਦੀ ਕਰਨ ਦੀ ਏ ਲੋੜ।
ਐ ਨਾਮਧਾਰੀ . . . .

ਬੰਬਾਂ ਤੇ ਰਾਕਟਾਂ ਨੇ ਜਗ ਦਾ ਖੋਹ ਲਿਆ ਕਰਾਰ।
ਤੇ ਜੰਗ ਦੇ ਡਰਾਵਿਆਂ ਨੇ ਚਾੜ੍ਹਿਆ ਬੁਖਾਰ।
ਦੁਨੀਆਂ ਨੂੰ ਇਸ ਕਸ਼ਟੋਂ ਮੁਕਤ ਕਰਨ ਦੀ ਏ ਲੋੜ।
ਐ ਨਾਮਧਾਰੀ . . . .

ਸਤਵੰਜਾ

ਨਵੀਂ ਉਲੀਕੀ ਜਾਊ ਕਹਾਣੀ........

ਆਸ਼ਾ ਸੀ ਕਿ ਤੇਰੀ ਮੇਰੀ ਉਲਫਤ ਇਕ ਮਿਸਾਲ ਬਣੇਗੀ ।
ਨਵੀਂ ਉਲੀਕੀ ਜਾਊ ਕਹਾਣੀ ਝਾਕੀ ਇਕ ਵਿਸ਼ਾਲ ਬਣੇਗੀ ।

ਸਾਡੀ ਏਸ ਮੁਹੱਬਤ ਵਿਚੋਂ ਉਗਮੇਗਾ ਇਕ ਨਵਾਂ ਸ਼ਿਵਾਲਾ ।
ਪਿਆਰ ਬਿਰਖ ਦੇ ਝੱਲੇ ਕੋਈ ਲੈ ਸਕੇਗਾ ਸਾਹ ਸੁਖਾਲਾ ।
ਸਾਡੀ ਦੂੰਹ ਹਿਕਾਂ ਦੀ ਧੜਕਣ ਜੱਗ ਦੇ ਦਿਲ ਦਾ ਖਿਆਲ ਬਣੇਗੀ ।
ਨਵੀਂ ਉਲੀਕੀ ਜਾਊ ਕਹਾਣੀ ਝਾਕੀ ਇਕ ਵਿਸ਼ਾਲ ਬਣੇਗੀ ।

ਤੇਰੇ ਹੀ ਉਦੇਸ਼ਾਂ ਉਤੇ ਮਹਿਲ ਖਿਆਲੀ ਅਸਾਂ ਬਣਾਇਆ ।
ਵਿਚੇ ਹੀ ਛੱਡ ਅੱਡ ਹੋ ਜਾਸੇਂ ਸੁਪਨਾ ਨਹੀਂ ਸੀ ਅਜ ਤਕ ਆਇਆ ।
ਕੌਣ ਜਾਣੇ ਇਹ ਪ੍ਰੀਤ ਕਹਾਣੀ ਇਕ ਦਿਨ ਦੁਨੀਆਂ ਨਾਲ ਰਲੇਗੀ ।
ਨਵੀਂ ਉਲੀਕੀ ਜਾਊ ਕਹਾਣੀ ਝਾਕੀ ਇਕ ਵਿਸ਼ਾਲ ਬਣੇਗੀ ।

ਅਪਣਾ ਆਪ ਮਿਟਾਕੇ ਸਜਣਾਂ ਤੇਰੀ ਹਾਂ ਵਿਚ ਹਾਂ ਮਿਲਾਈ ।
ਤਨ ਮਨ ਤੈਨੂੰ ਅਰਪਣ ਕੀਤਾ ਨਾ ਜਾਣਾ ਤੂੰ ਹੈਂ ਹਰਜਾਈ ।
ਸੋਚ, ਕਿ ਤੇਰੇ ਮੁਖ ਮੋੜਨ ਤੇ ਕੀਹ ਕੁਝ ਸਾਡੇ ਨਾਲ ਬਣੇਗੀ ।
ਨਵੀਂ ਉਲੀਕੀ ਜਾਊ ਕਹਾਣੀ ਝਾਕੀ ਇਕ ਵਿਸ਼ਾਲ ਬਣੇਗੀ ।

ਕਹਿੰਦਾ ਸੈਂ ਤੂੰ ਪ੍ਰੀਤ ਅਸਾਡੀ ਦੇਊ ਮੇਟ ਪੁਰਾਣੀਆਂ ਲੀਹਾਂ ।
ਉੱਸਰੇਗਾ ਇਕ ਨਵਾਂ ਸ਼ਿਵਾਲਾ ਪ੍ਰੀਤ ਕਰੇਗੀ ਪਕੀਆਂ ਨੀਹਾਂ ।
ਐਪਰ ਖਬਰ ਨਹੀਂ ਸੀ ਮੈਨੂੰ ਪ੍ਰੀਤ ਤੇਰੀ ਇਕ ਜਾਲ ਬਣੇਗੀ ।
ਨਵੀਂ ਉਲੀਕੀ ਜਾਊ ਕਹਾਣੀ ਝਾਕੀ ਇਕ ਵਿਸ਼ਾਲ ਬਣੇਗੀ ।

★

ਗੁਰੂ ਪ੍ਰਤਾਪ ਸਿੰਘ ਜੀ ਦੀ........

ਗੁਰੂ ਪ੍ਰਤਾਪ ਸਿੰਘ ਜੀ ਦੀ ਨਿਰਾਲੀ ਸ਼ਾਨ ਵੇਖੀ ਏ।
ਉਹਦੇ ਦਰ ਮੁਰਦਿਆਂ ਅੰਦਰ ਸਰਕਦੀ ਜਾਨ ਵੇਖੀ ਏ।

ਉਹ ਸੀ ਪਾਰਸ ਜਿਦ੍ਹੀ ਛੋਹ ਨੇ ਲੱਖਾਂ ਪਾਰਸ ਬਨਾਏ ਨੇ।
ਅਮਨ ਬੇੜੇ ਤੇ ਫੜ ਫੜ ਕੇ ਲਖਾਂ ਪਾਂਧੀ ਚੜ੍ਹਾਏ ਨੇ।
ਦਿਲਾਂ ਦੇ ਕੋਟ ਤੇ ਪਿਆਰਾਂ ਦੇ ਉਸ ਝੰਡੇ ਝੁਲਾਏ ਨੇ।
ਉਹ ਖੁਸ਼ੀਆਂ ਦਾ ਖਜ਼ਾਨਾ ਸੀ ਜਿੰਨ੍ਹੇ ਰੋਂਦੇ ਹਸਾਏ ਨੇ।
ਮੁਸੱਰਤ ਨੱਚਦੀ ਗੌਂਦੀ ਤੇਰੇ ਦਾਲਾਨ ਵੇਖੀ ਏ। ਗੁਰੂ . . .

ਨਿਗਾਹੇ ਮਸਤ ਵਿਚ ਤਕਿਆ ਕਿਸੇ ਨੇ ਚਸ਼ਮਾ-ਏ ਜ਼ਮ ਜ਼ਮ।
ਨੂਰਾਨੀ ਚਿਹਰੇ ਨੂੰ ਦਸਿਆ ਹਰਿਕ ਨੇ ਹੈ ਮੇਰਾ ਹਮਦਮ।
ਤੇਰੀ ਗੁਫ਼ਤਾਰ ਨੇ ਪਥਰ ਦਿਲਾਂ ਨੂੰ ਕਰ ਲਿਆ ਖਾਦਮ।
ਤੇਰੇ ਕਿਰਦਾਰ ਦਾ ਮਹਵਰ ਹਮੇਸ਼ਾਂ ਸੀ ਅਮਨ ਆਲਿਮ।
ਕਦਰ ਜਾਤੀ ਨਹੀਂ ਦੁਨੀਆਂ ਬੜੀ ਅੰਜਾਨ ਵੇਖੀ ਏ। ਗੁਰ . . .

ਤੇਰਾ ਦੀਦਾਰ ਭੁਲਿਆਂ ਨੂੰ ਕਦੀ ਰਸਤਾ ਵਿਖਾਂਦਾ ਸੀ।
ਤੇਰਾ ਦੀਦਾਰ ਜਲਵੇ ਨੂਰ ਨੂੰ ਵੀ ਮਾਤ ਪਾਂਦਾ ਸੀ।
ਤੇਰਾ ਦੀਦਾਰ ਘਰ ਬੈਠੇ ਮੱਕੇ ਦਾ ਹੱਜ ਕਰਾਂਦਾ ਸੀ।
ਅੱਠ ਸੱਠ ਤੀਰਥਾਂ ਦਾ ਫਲ ਮਿਲੇ ਜੋ ਸਿਰ ਨਿਵਾਂਦਾ ਸੀ।
ਤੇਰੇ ਦਰਬਾਰ ਵਿਚ ਮੁਕਤੀ ਖਲੀ ਦਰਬਾਨ ਵੇਖੀ ਏ। ਗੁਰ . . .

ਅਮੀਰੀ ਤੇ ਫਕੀਰੀ ਦਾ ਮਿਰੀ ਸਰਕਾਰ ਸੀ ਸੰਗਮ।
ਝੁਲਾਇਆ ਥਾਂ ਥਾਂ ਜਿਸਨੇ ਅਮਨ ਤੇ ਪਿਆਰ ਦਾ ਪ੍ਰਚਮ।
ਤੁਸਾਂ ਦੇ ਜਾਨ ਕਰਕੇ ਚਾਨਚਕ ਦੁਨੀਆਂ ਹੋਈ ਬੇਦਮ।
ਵਿਚਾਰੇ ਹਿੰਦ ਵਾਸੀ ਭਰਨ ਹੌਕੇ ਚਸ਼ਮਾਂ ਨੇ ਪੁਰਨਮ।
ਤੇਰੇ ਬਾਝੋਂ ਲੁਕਾਈ ਵਿਚ ਗਮਾਂ ਗਲਤਾਨ ਵੇਖੀ ਏ। ਗੁਰੂ . . .

ਉਨਾਠ

ਸਾਧੂ ਸਿੰਘ



ਛਲੇਦਾਰ ਦਾੜ੍ਹੀ, ਸਿਧੀ ਗੋਲ ਦਸਤਾਰ, ਬਹੁਤ ਫਿੱਟ ਨਾਮਧਾਰੀ ਪਹਿਰਾਵੇ ਵਿਚ ਹਸੂੰ-ਹਸੂੰ ਕਰਦਾ ਇਹ ੩੦ ਕੁ ਸਾਲ ਦਾਂ ਸਜੀਲਾ ਜਵਾਨ ਨਾਮਧਾਰੀ ਜਗਤ ਨੂੰ ਸੰਤ ਤਰਨ ਸਿੰਘ ਜੀ 'ਵਹਿਮੀ' ਦੀ ਮਹਾਨ ਦੇਣ ਹੈ।

ਇਹ ਸਜਣ ਸਾਹਿਤ ਨਾਲੋਂ ਵਾਹੀ ਕਰਨੀ ਚੰਗੀ ਸਮਝਦਾ ਹੈ, ਕਿਉਂਕਿ ਕਈ ਵੇਰਾਂ ਕਹਿ ਦਿੰਦਾ ਹੈ ਕਿ ਮੇਰਾ ਤਾਂ ਇਸ਼ਕ ਵਾਹੀ ਹੈ। ਪਰ ਜਦੋਂ ਲਿਖਦਾ ਏ ਤਾਂ ਇਸਦਾ ਅੰਦਰਲਾ ਸਾਹਿਤਕਾਰ ਪੁਕਾਰ ਪੁਕਾਰ ਕੇ ਕਹਿ ਉਠਦਾ ਹੈ ਕਿ "ਸਾਧੂ ਸਿੰਘ ਮੇਰੀ ਮੌਤ ਅੰਦਰੇ ਹੀ ਨਾ ਕਰ, ਮੈਨੂੰ ਦੁਨੀਆਂ ਦੇ ਸਾਹਮਣੇ ਪੇਸ਼ ਕਰ" ਤਾਂ ਮਜਬੂਰਨ ਵਿਚਾਰੇ ਸਾਧੂ ਸਿੰਘ ਨੂੰ ਇਹ ਗਲ ਮੰਨਣੀ ਪੈਂਦੀ ਹੈ।

ਕਿਤਾਬਾਂ ਪੜ੍ਹਣ ਦਾ ਏਨਾ ਸ਼ੁਕੀਨ ਹੈ ਕਿ ਲਗ ਪਵੇ ਤਾਂ ੫੦੦ ਸਫੇ ਦੀ ਕਿਤਾਬ ਇਹਦਾ ਭੱਤੇ ਵੇਲਾ ਵੀ ਨਾ ਕਰਾਏ, ਪਰ ਕਿਤਾਬ ਲੈ ਕੇ ਵਾਪਸ ਕਰਨ ਨੂੰ ਇਹ ਬਿਲਕੁਲ ਪਸੰਦ ਨਹੀਂ ਕਰਦਾ।

ਔਖੇ ਤੋਂ ਔਖੇ ਕੰਮ ਕਰਕੇ ਵਖਾਣਾ ਇਹਦੀ ਆਦਤ ਹੈ। ਦਾਵਾ ਕੀਤਾ ਜਾ ਸਕਦਾ ਹੈ ਕਿ ਜੇ ਸਾਧੂ ਸਿੰਘ ਨੇ ਆਪਣੇ ਅੰਦਰਲੇ ਸਾਹਿਤਕਾਰ ਦੀ ਪੂਰੀ ਤਰ੍ਹਾਂ ਸੁਣ ਲਈ ਤਾਂ ਨਾਮਧਾਰੀ ਪੰਥ ਤੇ ਇਕ ਵੱਡਾ ਅਹਿਸਾਨ ਹੋਵੇਗਾ।

ਆਇਆ ਨਿਰੰਕਾਰ ਏ

ਚੰਨ ਸਾਂਝੀ ਵਾਲਤਾ ਦਾ ਆਇਆ ਤਲਵੰਡੀ ਵਿਚ,
ਘਲਿਆ ਨਹੀਂ ਕਿਤੋਂ ਰੱਬ ਆਪ ਈ ਖ਼ੁਦ ਆ ਗਿਆ।
ਪਿਆਰ ਵਾਲੀ ਪੱਟੀ ਪੜ੍ਹ ਮਨਾਂ ਦੀਆਂ ਮੱਝੀਂ ਚਾਰ,
ਯਾਰ ਮਰਦਾਨੇ ਨੂੰ ਬਣਾ ਕੇ ਸਮਝਾ ਗਿਆ।
ਮੇਵਾ ਵਾਲੇ ਸੌਦੇ ਕਰ, ਖੱਟੀ ਖੱਟ ਦਿਲਾਂ ਵਾਲੀ,
ਭਾਵੇਂ ਆਪ ਨਫੇ ਥਾਂ ਚਪੇੜਾਂ ਵਿਚੋਂ ਖਾ ਗਿਆ।
ਮਾਰਕਸ, ਲੈਨਿਨ, ਤੇ ਗਾਂਧੀ, ਮੌਜ਼ੇ ਤੁੰਗ, ਲਈ,
ਇਕੋ ਜਹੀ ਕਰਨੀਂ ਦੇ ਪੂਰਨੇ ਸੀ ਪਾ ਗਿਆ।
ਕੌਡਿਆਂ ਦੀ ਕੌਡੀ ਚਾੜ੍ਹੀ ਚੱਕੀ ਫੇਰੀ ਜ਼ਾਲਮਾ ਦੀ,
ਧੌਣੋਂ ਫੜ ਸੱਜਣਾਂ ਨੂੰ ਕਿਹਾ ਚੰਗੀ ਕਾਰ ਏ।
ਰੱਬ ਨੂੰ ਵੀ ਆਖ ਦਿੱਤਾ ਚੰਗਾ ਏ ਨਿਆਂ ਤੇਰਾ,
ਡਾਢਾ ਮਾਰੇ ਮਾੜਿਆਂ ਨੂੰ ਲੈਂਦਾ ਤੂੰ ਨਾ ਸਾਰ ਏ।
ਵੰਡ ਵੰਡ ਥੱਕੇ ਪਰ ਵੰਡ ਕੋਈ ਸੱਕਿਆ ਨਾ,
ਕੇੜਾ ਅਲੋਕਾਰ ਬਾਬੇ ਗੁਰੂ ਦਾ ਅਕਾਰ ਏ।
ਆਸਤਕ-ਨਾਸਤਕ ਹਿੰਦੂ, ਸਿੱਖ, ਮੋਮਨਾਂ ਨੂੰ,
ਇਕੋ ਜਿੰਨਾ ਸਾਰਿਆਂ ਨੂੰ ਆਇਆ ਨਿਰੰਕਾਰ ਏ।
ਜੰਗ ਦੇ ਮੈਦਾਨ ਵਿਚ ਪਿਆਰ ਦੀ ਕਮੰਦ ਪਾ ਕੇ,
'ਸੈਦੋ' ਜਹੇ ਸਿੱਧੇ ਕੀਤੇ ਨੈਣਾਂ ਦੀ ਕਟਾਰ ਨੇ।
ਨੰਦ ਲਾਲ ਜਹੇ ਕਵੀ ਜ਼ਾਲਮਾਂ ਦੇ ਘਰਾਂ ਵਿੱਚੋਂ,
ਖਿੱਚ ਲਏ ਤਣੁਕੇ ਮਾਰ ਸ਼ੀਰੀਂ ਗੁਫਤਾਰ ਨੇ।
ਵੈਰੀਆਂ ਦੇ ਪੀਰ ਨੇ ਵੀ ਗੈਸੂਆਂ ਦੀ ਤਾਰ ਪਿੱਛੇ,
ਕੀਤੇ ਹੱਸ ਹੱਸ ਕੇ ਨਿਸਾਰ ਪੁਤ ਚਾਰ ਨੇ।
ਬਾਣੀ ਪੜ੍ਹ 'ਜ਼ੇਬਨਿਸਾਂ' ਦਿਲੋਂ ਦਿਲ ਹਾਰ ਬੈਠੀ,
ਕੀਤੇ ਕੀ 'ਚਾ ਕਾਰੇ ਤੇਰੀ ਕਾਵਿ ਤਲਵਾਰ ਨੇ।

ਇਕਾਠ

ਰੱਬ ਨੂੰ

ਦੱਸ ਰੱਬਾ ਡਾਢਿਆ ਕੀ ਮਾਂ ਖੋਹਕੇ ਮਜ਼ਾ ਆਵੀ,
ਤੇਰੇ ਏਸ ਕੰਮ ਦੀ ਨਾ ਦੇਂਦਾ ਕੋਈ ਦਾਦ ਏ।
ਪਹਿਲੋਂ ਮਾਂ ਮਾਰੇਂ ਫੇਰ ਹੋਰ ਮਤਰੇਈ ਦੇਵੇਂ,
ਕੇਹੜੀ ਗਲੋਂ ਭਲਾ ਖੜੀ ਕੀਤੀ ਏਹ ਉਪਾਧ ਏ।
ਦਾਰੂ ਦੁੱਖਾਂ ਸਾਰਿਆਂ ਦੇ ਲਏ ਨੀ ਬਣਾ ਭਾਵੇਂ,
ਰੋਗ ਮਾਂ ਮਹਿੱਟਰੇ ਦਾ ਤੈਥੋਂ ਵੀ ਅਜ਼ਾਦ ਏ।
ਸ਼ਾਹ ਰਗੋਂ ਨੇੜੇ ਤੈਨੂੰ ਆਖਦੀ ਲੁਕਾਈ ਸਾਰੀ,
ਤੇਰੇ ਤੋਂ ਵੀ ਨੇੜੇ ਪਰ ਮਾਤਾ ਜੀ ਦੀ ਯਾਦ ਏ।

ਮਰ ਗਈ ਏ ਮਾਂ ਜੀਹਦੀ ਸਮਝੇ ਓਹ ਗੱਲ ਮੇਰੀ,
ਦੁਖੀਏ ਦੀ ਲੱਭ ਸੱਕੇ ਦੁਖੀਆ ਈ ਲਾਧ ਏ।
ਰੋਟੀ ਦੀ ਸਾਰ ਓਹਨੂੰ ਭੁਖ ਜਿਸ ਵੇਖੀ ਹੋਵੇ,
ਖਾਧੀ ਜਿਸ ਰੱਜ ਓਹਨੂੰ ਰੱਬ ਦੀ ਨਾ ਤਾਪ ਏ।
ਮਾਂਵਾਂ ਨਾਲੋਂ ਚੰਗਾ ਬਾਪੂ (ਪਰ) ਮਾਂ ਦੀ ਅਨੋਖੀ ਛਾਂ,
ਮਾਂ ਦੀ ਝਿੜਕ ਲਗੇ ਵਾਂਗ ਚੰਗੀ ਖਾਦ ਏ।
ਜਦੋਂ ਕੋਈ ਗੱਲ ਬਣੇ ਭੁੱਲ ਜਾਏ ਜਹਾਨ ਸਾਰਾ,
ਓਸ ਵੇਲੇ ਔਂਦੀ ਫੇਰ ਮਾਤਾ ਜੀ ਦੀ ਯਾਦ ਏ।

ਰੁਬਾਈ

ਪ੍ਰੀਤ ਨਿਭਾਣੀ ਤੇ ਸ਼ਾਇਰੀ ਕਰਨੀ, ਖ਼ੂਨ ਜਿਗਰ ਦਾ ਚੋਣਾਂ।
ਵਾਂਗ ਸ਼ਮ੍ਹਾਂ ਦੇ ਸਹਿਜੇ ਸਹਿਜੇ, ਸਾਰੀ ਉਮਰਾ ਰੋਣਾ।
ਕੋਈ ਤੜਪੇ ਤੇ ਚੀਸ ਕਵੀ ਦੇ, ਹੰਝੂ ਟੁੱਪ ਟੁੱਪ ਟੁਰਦੇ;
ਪੀੜ ਪਰਾਈ ਸਾਰ ਨਾ ਜਾਣੇ, ਕੀ ਸ਼ਾਇਰ ਉਸ ਹੋਣਾ।

ਪ੍ਰੀਤਮ ਸਿੰਘ 'ਕਵੀ'

ਕੌਣ ਜਾਣਦਾ ਸੀ ਸਾਹਿਤ ਨੂੰ ਤੇ ਇਹਨਾਂ ਸਭਾ ਸੁਸੈਟੀਆਂ ਨੂੰ ਤੇ ਕਦੋਂ ਇਹ ਪੁਸਤਕ ਪਾਠਕਾਂ ਦੇ ਹੱਥਾਂ ਵਿਚ ਆਉਣੀ ਸੀ, ਜੇ ਇਹ ਸ੍ਰੀ ਮਾਨ ਜੀ ਸਾਨੂੰ ਸਾਰਿਆਂ ਨੂੰ ਇਹ 'ਪੁਠੀ ਪੱਟੀ' ਨਾ ਪੜ੍ਹਾਉਂਦੇ ।

ਜੇ ਨਾਮਧਾਰੀ ਸਾਹਿਤ ਸਭਾ ਦਾ ਇਕ ਮੈਂਬਰ ਭੀ ਕੋਈ ਉਘਾ ਸਾਹਿਤਕਾਰ ਬਣ ਗਿਆ ਤਾਂ ਉਹਨੂੰ ਹਰ ਕਾਮਯਾਬੀ ਤੇ ਕਵੀ ਹੁਰਾਂ ਦੇ ਉਹ ਅਸਰ ਭਰਪੂਰ ਸ਼ਬਦ ਚੇਤੇ ਆਉਣਗੇ, ਜਿਨ੍ਹਾਂ ਨਾਲ ਇਹ ਮਰ ਰਹੀਆਂ ਰੂਹਾਂ ਨੂੰ ਵੀ ਚੰਗਾ ਜੀਵਨ ਜੀਊਣ ਦੀਆਂ ਪ੍ਰੇਰਨਾਵਾਂ ਦਿੰਦੇ ਰਹਿੰਦੇ ਹਨ ।

ਇਕਹਿਰੇ ਜਹੇ ਸਰੀਰ ਵਾਲੇ ਇਹ ਸਜਣ ਨਾਮਧਾਰੀ ਜਗਤ ਤੋਂ ਕੋਈ ਗੁੱਝੇ ਛਿੱਨੇ ਨਹੀਂ । ਸੁਖ ਨਾਲ ਅਜ ਕਲ ਅਖਬਾਰ 'ਸਤਿਜੁਗ' ਸ੍ਰੀ ਜੀਵਨ ਨਗਰ [ਹਿਸਾਰ] ਦੇ ਸੰਪਾਦਕ ਹਨ ।

ਜੇ ਇਹਨਾਂ ਸਾਨੂੰ ਸਭਾ ਦੀ ਲੜੀ ਵਿਚ ਪਰੋਇਆ ਹੈ ਤਾਂ ਅਸਾਂ ਵੀ ਇਹਨਾਂ ਨੂੰ ਬਰਾਏ ਨਾਮ ਕਵੀ ਤੋਂ ਸਚਮੁਚ ਦਾ ਕਵੀ ਬਣਾ ਦਿਤਾ ਹੈ ।

ਜਦੋਂ ਉਹ ਆਇਆ

ਸਰ੍ਹੋਂ ਗੰਦਲਾਂ ਹੋਈਆਂ ਮੁਟਿਆਰ ਪੜ੍ਹੀਆਂ,
ਆਇਆ ਮੁਖੜਿਆਂ ਉਤੇ ਜਲਾਲ ਕੋਈ।
ਬਾਗਾਂ ਬਨਾਂ ਵਿਚ ਜ਼ਿੰਦਗੀ ਫੁਟ ਰਹੀ ਏ,
ਨਿਖਰੇ, ਜੀਕਰਾਂ ਗਿਆ ਨੁਹਾਲ ਕੋਈ।
ਝੁਕਿਆ ਨੀਲਾ ਸਾਮਾਨ ਅਜ ਧਰਤ ਉਤੇ,
ਪ੍ਰਿਅ ਮਿਲਣ ਦਾ ਆਇਐ ਖਿਆਲ ਕੋਈ।
ਹਵਾ ਮਸਤ ਹੋਈ, ਨੱਚਦੀ ਫਿਰ ਰਹੀ ਏ,
ਜੀਕਰ, ਰੱਜਿਆ ਹੋਵੇ ਕੰਗਾਲ ਕੋਈ।
ਰਾਤ, ਰਾਤ ਨ ਰਹੀ, ਪ੍ਰਭਾਤ ਬਣ ਗਈ,
ਜੱਸੇ ਸਦਾ ਦੇ ਆਇਆ ਜਦ ਲਾਲ ਕੋਈ।
ਅੱਜ, ਊਸ਼ਾ ਦਾ ਚਾਉ ਅਨੋਖੜਾ ਸੀ,
ਚਾਹੇ, ਸੂਰਜ ਨੂੰ ਰਖੇ ਸੁਆਲ ਕੋਈ।
ਓਧਰ ਸੂਰਜੇ ਨੂੰ ਕਾਹਲੀ ਪੈ ਰਹੀ ਸੀ,
ਮਤਾਂ ਤੇਜ ਨੂੰ ਲਵੇ ਉਧਾਲ ਕੋਈ:
ਚੰਨ ਤਾਰੇ ਤਾਂ ਰਾਤ ਭਰ ਸੋਚਦੇ ਰਹੇ,
ਧਰ ਤੇ ਚਲੀਏ ਓਸਦੇ ਨਾਲ ਕੋਈ।
ਜਿੰਨ੍ਹੇ ਚੁਣਨੀਏ ਪੀੜ ਮਨੁਖਤਾ ਦੀ,
ਕਰਨ ਆ ਗਿਐ ਆਪ ਸੰਭਾਲ ਕੋਈ।
ਸੂਰਜ ਉਠਿਆ, ਮਿਤ੍ਰਤਾ ਕਰਾਂ ਜਾਕੇ,
ਇਹ ਪ੍ਰਕਾਸ਼ ਨ ਘਟੇ ਰਵਾਲ ਕੋਈ।
ਦੇਵੀ ਦੇਵਤੇ ਨਾਚ ਵਿਚ ਮਸਤ ਹੋ ਗਏ,
ਸਾਡੇ ਗੁਣਾਂ ਦਾ ਆਇਐ ਭਿਆਲ ਕੋਈ।
ਧਰਤੀ ਖੁਸ਼ੀ ਵਿਚ ਖਿਲਰੀ ਹੋਰ ਬਹੁਤੀ,
ਮੈਨੂੰ ਦੁਖਾਂ ਤੋਂ ਹੋਊ ਸੁਖਾਲ ਕੋਈ।

ਨੱਚੇ ਪਸ਼ੂ, ਪੰਖੇਰੂਆਂ ਗਗਨ ਘੁੰਮੇ,
ਹੋਇਆ ਮੌਤ ਦਾ ਹੱਲ ਸਵਾਲ ਕੋਈ।
ਇਸ਼ਕ ਮਚਲਿਆ ਫੇਰ ਵਿਰੋਧੀਆਂ ਵਿਚ,
ਅੰਮ੍ਰਿਤ ਪ੍ਰੇਮ ਦਾ ਸਕੂ ਪਿਆਲ ਕੋਈ।
ਕੰਬੀ ਛੁਰੀ, ਜਲਾਦ . ਦੀ ਖਬਰ ਸੁਣਕੇ,
ਆਈ ਸਤਿ ਅਹਿੰਸਾ ਦੀ ਢਾਲ ਕੋਈ।
ਗਊਆਂ ਦੁਧਾਂ ਦੇ ਵਹਿਣ ਵਗਾ ਦਿਤੇ,
ਇਕ ਵਾਰ ਫਿਰ ਆਇਐ ਗੋਪਾਲ ਕੋਈ।
ਤੇ ਗੁਲਾਮੀ ਦੇ ਜਾਲ ਵੀ ਕੁੜਕ ਉਠੇ,
ਜਦੋਂ ਜਾਣਿਆ ਉਠਿਐ ਭੁਚਾਲ ਕੋਈ।
ਗੋਰੇ ਰੰਗ ਦਾ ਮਾਣ ਸਭ ਚੂਰ ਹੋਇਆ,
ਕਾਲੇ ਕ੍ਰਿਸ਼ਨ ਜਹੇ ਕੀਤਾ ਕਮਾਲ ਕੋਈ।
ਤੋਪਾਂ ਤੇਗਾਂ ਬੰਦੂਕਾਂ ਦੇ ਕੰਮ ਮੁਕੇ,
ਜਦੋਂ ਚਲੀ ਅਠੋਤਰੀ ਮਾਲ ਕੋਈ।
ਸਚ, ਸੁਚ ਤੇ ਧਰਮ, ਪਿਆਰ, ਸੇਵਾ
ਮਿਠਤ, ਨਿਮਰਤਾ ਚਲੀ ਟਕਸਾਲ ਕੋਈ।
ਝੂਠ, ਬਦੀ, ਕੁਚੀਲਤਾ, ਕਰੋਧ, ਕੁਕ੍ਰਿਤ,
ਪਾਪ, ਲੋਭ ਦੀ ਗਲੇ ਨਾ ਦਾਲ ਕੋਈ।
ਖੇੜਾ ਆ ਗਿਆ ਫਿਰ ਭਾਰਤ ਦੇਸ਼ ਅੰਦਰ,
ਖਿਜ਼ਾਂ ਨੱਸ ਗਈ ਮਾਰ ਕੇ ਛਾਲ ਕੋਈ।
'ਪ੍ਰੀਤਮ' ਪਾਈ ਜਾਂ ਝਾਤ ਉਸ ਜਗਤ ਉਤੇ,
ਜਗ ਮਗਾ ਪਏ ਧਰਤ ਪਤਾਲ ਕੋਈ।

★

ਗੀਤ

ਝੁਲਣਾ ਅਮਨ ਫਰੇਰਾ ਜਗ ਤੇ ਝੁਲਣਾ ਅਮਨ ਫਰੇਰਾ।
ਜੀਵਨ ਹੋਊ ਚੰਗੇਰਾ ਸਾਥੀ ਜੀਵਨ ਹੋਊ ਚੰਗੇਰਾ।

ਜੁੱਗਾਂ ਪਿਛੋਂ ਮਿਹਨਤ ਜਾਗੀ, ਧਰਤ ਲਈ ਅੰਗੜਾਈ।
ਕਮਲ-ਨੈਣ ਮਾਨਵਤਾ ਖੋਲ੍ਹੇ, ਬੰਦ ਕਲੀ ਮੁਸਕਾਈ।
ਪੀੜਾਂ ਵਿਧੀ ਰਾਤ ਗੁਜ਼ਰ ਗਈ ਹੋਇਆ ਲਾਲ ਸਵੇਰਾ। ਝੁਲਣਾ...

ਜ਼ਿੰਦਗੀ ਦੇ ਆਸ਼ਕ ਹਨ ਜੁੜ ਗਏ, ਕਰ ਕਰ ਲੰਮੀਆਂ ਬਾਹੀਂ।
ਨੈਣਾਂ ਚੋਂ ਹੰਝੂ ਨੇ ਸੁਕ ਗਏ, ਹਿਰਦਿਓਂ ਮੁਕ ਰਹੀਆਂ ਆਹੀਂ।
ਚੀਰਾਂ ਚੋਂ ਸੰਧੂਰ ਨੇ ਬੋਲੇ ਪੈ ਗਿਆ ਘਰ ਨੂੰ ਫੇਰਾ। ਸਾਥੀ...

ਤੋਤਲੀਆਂ ਮੁਸਕਾਨਾਂ ਭਜੀਆਂ, ਛਿੰਝੀਂ ਰੌਣਕ ਹੋਈ।
ਵਸਦੀ ਰਸਦੀ ਦੁਨੀਆਂ ਨੂੰ ਮੁੜ ਖੰਡਰ ਕਰੂ ਨਾ ਕੋਈ।
ਅਮਨ, ਜੰਗਾਂ ਨੂੰ ਫਤਹ ਕਰ ਰਿਹੈ, ਕਰੋ ਜਤਨ ਰਖ ਜੇਰਾ। ਸਾਥੀ..

ਥੋੜ-ਚਿਰੇ ਜੰਗਾਂ ਦੇ ਚਾਹਤੇ, ਥੋਹੜ ਵਿਤੇ ਵੀ ਜਾਪੇ।
ਜਨ-ਜੀਵਨ ਤਾਂ ਖੁਸ਼ੀ ਮਨਾਵੇ, ਇਹਨਾਂ ਘਰੀਂ ਸਿਆਪੇ।
ਨਵੇਂ ਜਗਤ ਤੇ ਨਵ-ਖਿਆਲਾਂ ਦਾ ਖੁਲ੍ਹਾ ਹੋ ਰਿਹਾ ਘੇਰਾ। ਸਾਥੀ...

ਨੀਲੇ ਅੰਬਰ ਉਤੇ ਘੁਘੀਆਂ ਮਾਰ ਉਡਾਰੀ ਛਾਈਆਂ।
ਲੋਕ ਸ਼ਕਤੀਓ, ਬਣੋ ਫੌਲਾਦੀ, ਪੇਸ਼ਗੀ ਲੌਂ ਵਧਾਈਆਂ।
ਸਵਰਗ ਧਰਤ ਤੇ ਔਣਾ ਲੋਚੇ, ਰਹਿ ਲਿਆ ਦੂਰ ਬਤੇਰਾ। ਸਾਥੀ...

ਛਿਆਹਠ

ਸੰਤ ਸਰਧਾ ਸਿੰਘ 'ਨਿਮਾਣਾ'



ਜਲ ਤਰੰਗ ਵੱਜੇ ਜਾਂ 'ਨਿਮਾਣਾ' ਜੀ ਬਚਨ ਕਰਨ, ਸੁਣਨ ਵਾਲੇ ਨੂੰ ਇਕੋ ਜਹੀ ਅਵਾਜ਼ ਹੀ ਸੁਣੀਂਦੀ ਹੈ। ਸਤਿਗੁਰੂ ਦੇ ਪਿਆਰ ਵਿਚ ਮਸਤ, ਇਹ ਸਜਣ ਸਹੀ ਨਾਮਧਾਰੀ ਪੂਣਾ ਪੇਸ਼ ਕਰਦੇ ਹਨ।

ਨਾਮਧਾਰੀਆਂ ਦੇ ਪੁਰਾਣੇ ਗੜ੍ਹ : ਵਰਨ ਜ਼ਿਲਾ ਸ਼ੇਖੂਪੁਰਾ ਦੇ ਜੰਮ-ਪਲ ਹਨ। ਅੱਜ ਕਲ ਕਰੀਵਾਲੇ [ਜ਼ਿਲਾ ਹਿਸਾਰ] ਵਿਚ ਦੁਕਾਨਦਾਰੀ ਕਰਦੇ ਹਨ ਤੇ ਆਟਾ-ਚਕੀ ਵੀ ਲਾ ਰਖੀ ਹੈ।

'ਸਤਿਜੁਗ' ਵਿਚ ਇਹਨਾਂ ਦੀਆਂ ਰਚਨਾਵਾਂ ਤੁਸੀਂ ਆਮ ਪੜ੍ਹਦੇ ਰਹਿੰਦੇ ਹੋ।

ਆਪਣੀ ਹਰ ਰਚਨਾ ਵਿਚ ਇਹ ਆਪਣੀ ਹੀ ਰੂਹ ਦੀ ਤਰਜਮਾਨੀ ਕਰਦੇ ਹਨ।

ਸਤਾਂਹਠ

ਯਾਦ ਰਹੇਗਾ ਸਦਾ ਪਿਆਰ

ਸ਼ਿਵ ਡਿਠਾ, ਨਾ ਡਿਠਾ ਭਗਵਾਨ ਵਿਸ਼ਨੂੰ,
ਚਾਰ ਵਰਨ ਬ੍ਰਹਮਾ ਨ ਅਵਤਾਰ ਡਿਠਾ।
ਦਰਸ ਕੀਤੇ ਨਾ ਤ੍ਰੇਤੇ ਜੁਗ ਰਾਮ ਜੀ ਦੇ,
ਦੁਆਪੁਰ ਜੁਗ ਨਾ ਕ੍ਰਿਸ਼ਨ ਮੁਰਾਰ ਡਿਠਾ।
ਦੋ ਜਹਾਨ ਵਾਲੀ ਕਲਜੁਗ ਤਾਰਦੇ ਹੋ,
ਅਖਾਂ ਨਾਲ ਨਾ ਨਾਨਕ ਨਿਰੰਕਾਰ ਡਿਠਾ।
ਜੀਹਦਾ ਨਾਮ ਲੈ ਲੈ ਪਏ ਜੀਂਵਦੇ ਹਾਂ,
ਅਸਾਂ ਆਪ ਨਾ ਚੀਨੀ ਅਸਵਾਰ ਡਿਠਾ।
ਜਦ ਤੋਂ ਹੋਇਆ ਪਰਗਟ ਦੋ ਜਹਾਨ ਵਾਲੀ,
ਸਤਗੁਰ ਹਰੀ ਪ੍ਰਤਾਪ ਦਾਤਾਰ ਮੇਰਾ।
ਜਿਸ ਵਲ ਨਿਗਾਹ ਕੀਤੀ ਲੋਹਿਓਂ ਲਾਲ ਹੋਇਆ
ਯਾਦ ਰਹੇਗਾ ਸਦਾ ਪਿਆਰ ਤੇਰਾ।
ਤੇਰੀ ਮੇਹਰ ਤੋਂ ਹੋਏ ਗਰੀਬ ਮਾਲਿਕ
ਤੁਸੀਂ ਮਾਣ ਸਾਉ ਸਦਾ ਨਿਮਾਣਿਆਂ ਦਾ,
ਦੁਧ ਪੀਣ ਨੂੰ ਰਜ ਕੇ ਮਿਲੇ ਰੋਟੀ,
ਸਦਾ ਤਾਣ ਸੈਂ ਦਾਤਾ ਨਿਤਾਣਿਆ ਦਾ।
ਬਲਦੀ ਅੱਗ ਚੋਂ ਕਢਿਆ ਹੱਥ ਦੇ ਕੇ,
ਵਾਕਫ਼ਕਾਰ ਬਣਕੇ ਰੱਬੀ ਭਾਣਿਆਂ ਦਾ।
ਆਏ ਉਜੜ ਕੇ ਸਭ ਨੂੰ ਥਾਂ ਦਿਤੇ,
ਰਾਖਾ ਆਪ ਬਣਕੇ ਬੇ ਪਰਾਣਿਆ ਦਾ।
ਨੰਗੇ ਭੁਖਿਆਂ ਵਲ ਧਿਆਨ ਦੇਣਾ,
ਸਚਾ ਸੁਚਾ ਸੀ ਏਹ ਵਿਚਾਰ ਤੇਰਾ।
ਰਹਿਮ ਦਿਲੀ ਦਾ ਅੰਤ ਨਾ ਆਂਵਦਾ ਸੀ,
ਯਾਦ ਰਹੇਗਾ ਸਦਾ ਪਿਆਰ ਤੇਰਾ।

ਹੋਵਨ ਯੱਗ ਨਾ ਕਿਸੇ ਜੁਗ ਹੋਏ ਏਨੇ,
ਗੁਰੂ ਪੀਰਾਂ ਨਾ ਵਰਨੀਆਂ ਕੀਤੀਆਂ ਨੇ।
ਸੁਚ ਸੋਧ ਦੀ ਜਾਚ ਸਿਖਾਈ ਸੀ ਤੂੰ,
ਦੇਸ਼ ਦੇਸ਼ ਵਿਚ ਫੇਰੀਆਂ ਕੀਤੀਆਂ ਨੇ।
ਨਰ ਨਾਰ ਨੂੰ ਨਾਮ ਜਪਾਂਵਦੇ ਰਹੇ,
ਅੰਦਰੋਂ ਕੱਢੀਆਂ ਸਭ ਕੁਰੀਤੀਆਂ ਨੇ।
ਚੀਨੀ ਵਾਲੇ ਦਾ ਰਾਹ ਉਡੀਕਦੇ ਰਹੇ,
ਰੱਖ ਦਿਲਾਂ 'ਚ ਸਚ ਪ੍ਰੀਤੀਆਂ ਨੇ।
ਅਠੇ ਪਹਿਰ ਸਮਾਧੀਆਂ ਵਿਚ ਰਹਿਕੇ,
ਜਗੋਂ ਵਖਰਾ ਰਿਹਾ ਵਿਚਾਰ ਤੇਰਾ।
ਜਦ ਤਕ ਰਹੇਗਾ ਜ਼ਿਮੀ ਅਸਮਾਨ ਦਾਤਾ,
ਯਾਦ ਰਹੇਗਾ ਸਦਾ ਪਿਆਰ ਤੇਰਾ।

ਭੂਤ ਅਤੇ ਭਵਿਖਤ ਨੂੰ ਜਾਣਦੇ ਸਉ,
ਵਰਤਮਾਨ ਜੋ ਹੁੰਦਾ ਸੰਸਾਰ ਦੇ ਵਿੱਚ।
ਤਾਹੀਂ ਪਹਿਲਾਂ ਜ਼ਮੀਨ ਖਰੀਦ ਲੀਤੀ,
ਸਿਖ ਬਹਿਨਗੇ ਇਕੋ ਕਤਾਰ ਦੇ ਵਿਚ।
ਸਿਖਾਂ ਨਾਲ ਤੂੰ ਆਪ ਦੀਵਾਨ ਲਾਏ,
ਕਿਡੇ ਸੁੰਹਦੇ ਸਓ ਆਸਾ ਦੀ ਵਾਰ ਦੇ ਵਿਚ।
ਪਥਰ ਦਿਲ ਵੀ ਮੋਮ ਦੇ ਵਾਂਗ ਹੁੰਦੇ,
ਕਰੁਣਾ ਰਸ ਸੀ ਤੇਰੀ ਗੁਫਤਾਰ ਦੇ ਵਿਚ।
ਸੂਰਜ ਚੰਦ ਜਦ ਤਕ ਰਹਿਨ ਸੈਲ ਕਰਦੇ,
ਸੁਪਨੇ ਵਿਚ ਵੀ ਹੋਵੇ ਦੀਦਾਰ ਤੇਰਾ।
ਆਕੜ ਖਾਨ ਤੇ ਆਜਜ਼ ਨਿਮਾਣਿਆਂ ਨੂੰ,
ਯਾਦ ਰਹੇਗਾ ਸਦਾ ਪਿਆਰ ਤੇਰਾ।

★

ਸ਼ੰਗਾਰਾ ਸਿੰਘ 'ਸ਼ੰਗਾਰ'



'ਸ਼ੰਗਾਰ' ਜੀ ਦੇ ਮੁਸਕਾਂਦੇ ਬੁਲ੍ਹ ਤੇ ਭਰਵਾਂ ਜੁੱਸਾ ਤੁਹਾਨੂੰ ਕਿਸੇ ਪਹਿਲਵਾਨ ਦਾ ਭੁਲੇਖਾ ਪਾ ਸਕਦੇ ਹਨ ਤੇ ਤੁਸੀਂ ਇਹ ਨਹੀਂ ਬੁੱਝ ਸਕਦੇ ਕਿ ਏਡੀ ਸਥੂਲ ਦੇਹ ਵਿਚ ਸੂਖਮ ਤੇ ਕੋਮਲ ਜਜ਼ਬਿਆਂ ਵਾਲਾ ਕਵੀ ਹਿਰਦਾ ਵੀ ਵਸਦਾ ਹੈ, ਪਰ ਇਹ ਸਾਰਾ ਪ੍ਰਤਾਪ ਉਸ ਸੇਵਾ ਦਾ ਤੇ ਚੰਗੀ ਸੰਗਤ ਦਾ ਹੈ ਜੋ ਇਨ੍ਹਾਂ ਨੇ ਆਪਣੀ ੧੫-੧੬ ਸਾਲ ਦੀ ਆਯੂ ਵਿਚ ਹੀ ਆ ਸੰਭਾਲੀ ਸੀ।

ਪਛਮੀ ਪੰਜਾਬ ਦੇ ਜ਼ਿਲ੍ਹਾ ਸੇਖੂਪੁਰੇ ਦਾ ਇਹ ਨੌਜੁਆਨ, ਆਦੀ ਨਾਮਧਾਰੀ ਖਾਨਦਾਨ ਨਾਲ ਸਬੰਧ ਰਖਦਾ ਹੈ। ਭੈਣੀ ਸਾਂਹਿਬ ਲਗਾਤਾਰ ਕਈ ਸਾਲ ਇਸ ਨੇ ਸਤਿਗੁਰਾਂ ਦੇ ਘੋੜਿਆਂ ਦੀ ਸੇਵਾ ਕਰਕੇ ਉਨ੍ਹਾਂ ਦਾ ਰਜਵਾਂ ਪਿਆਰ ਲਿਆ ਤੇ ਹਰ ਮੇਲੇ ਤੇ ਹੁੰਦੇ ਕਵੀ ਦਰਬਾਰਾਂ ਤੋਂ ਇਸ ਦੇ ਮਨ ਵੀ ਪਰੇਰਨਾ ਉੱਠੀ ਕੁਝ ਲਿਖਣ ਦੀ। ਹੌਲੀ ਹੌਲੀ ਆਪ ਅਜੇਹੇ ਦਰਬਾਰਾਂ ਦੇ 'ਸ਼ਿੰਗਾਰ' ਹੀ ਬਣ ਗਏ।

ਵੰਡ ਪਿਛੋਂ ਆਪ ਸੰਤ ਨਗਰ [ਸਰਸਾ] ਵਿਖੇ ਆ ਆਬਾਦ ਹੋਏ, ਇਥੇ ਇਨ੍ਹਾਂ ਨੂੰ ਸਤਿਗੁਰਾਂ ਨੇ ੧੦ ਖੇਤ ਜ਼ਮੀਨ ਦੇ ਦਿਤੀ. ਕਾਮੇ ਤਾਂ ਆਪ ਹਨ ਹੀ ਸੁ ਅਜ ਕਲ ਵਾਹੀ ਕਰਦੇ ਹਨ ਤੇ ਨਾਮ ਦੀ ਕਮਾਈ ਵੀ-ਕਵਿਤਾ ਉਸੇ ਬੂਟੇ ਦਾ ਫੁੱਲ ਹੈ, ਜਿਸਦੀ ਮਹਿਕ ਚਿਰ ਕਾਲ ਤੋਂ ਇਹ ਆਪਣੇ ਅੰਦਰ ਸਮੋ ਰਹੇ ਹਨ।

ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ


ਨੂਰੇ ਨਜ਼ਰ ਸਤਿਗੁਰੂ ਪ੍ਰਤਾਪ ਸਿੰਘ ਦੇ,
ਸੁੱਚੀ ਕੁਲ ਤੇ ਸੁੱਚੇ ਖਿਆਲ ਤੇਰੇ।
ਜ਼ੁਮੇਂਵਾਰ ਹੋਏ ਧੁਰੋਂ ਹੁਕਮ ਅੰਦਰ,
ਰਖੇ ਪੱਖ ਚੰਗੇ ਦੀਨ ਦਿਆਲ ਤੇਰੇ।
ਇਹ ਆਪ ਅਕਾਲ ਨੇ ਬਖਸ਼ ਕੀਤੀ,
ਭਾਵ ਵੇਖਕੇ ਹਿਰਦੇ ਵਿਸ਼ਾਲ ਤੇਰੇ।
ਉਹ ਦੀਨ ਤੇ ਦੁਨੀ ਦਾ ਸੀ ਰਾਖਾ,
ਧੰਨ ਧੰਨ ਨੇ ਕੰਮ ਕਿਰਪਾਲ ਤੇਰੇ।
ਕਾਰ ਆਪ ਨੂੰ ਸਤਿਗੁਰਾਂ ਸੌਂਪ ਦਿਤੀ,
ਸਾਥੋਂ ਉਸੇ ਸਤਿਕਾਰ ਦੀ ਰੀਤ ਨਿਭਜੈ।
ਜਿਵੇਂ ਉਥੇ ਸੀ, ਤਿਵੇਂ 'ਸ਼ਿੰਗਾਰ' ਏਥੇ,
ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ।
ਤੂੰ ਤਾਂ ਸੋਹਣਿਆਂ ਬੈਠਕੇ ਫੇਰ ਮਾਲਾ,
ਅਸਾਂ ਖੇਡਣਾ ਏ ਵਾਂਗ ਅੰਞਾਣਿਆਂ ਦੇ।
ਸੁਖ ਲਏ ਨੇ ਉਸ ਦੀ ਗੋਦ ਬਹਿਕੇ,
ਸੱਲ ਝੱਲੇ ਨੇ ਉਸ ਦੇ ਭਾਣਿਆਂ ਦੇ।
ਤੈਨੂੰ ਸੌਂਪੇ ਆਂ, ਸਾਂਭ ਕੇ ਰੱਖ ਸਾਨੂੰ !
ਕੋਈ ਆਸਰੇ ਨਹੀਂ ਲੂਲ੍ਹੇ ਕਾਣਿਆਂ ਦੇ।
ਉਹਨੇ ਰਖਿਆ ਮੁਛ ਦੇ ਵਾਲ ਵਾਂਙੂ,
ਸ਼ਰਮਾਂ ਤੈਨੂੰ ਨੇ ਆਪਣੇ ਜਾਣਿਆਂ ਦੇ।
ਲੈਕੇ ਆਸਰਾ ਉਸ ਦਾ ਛੋੜਿਆ ਜੋ,
ਇਹ ਮਿਤਰਾ ਸਾਡਾ ਸੰਗੀਤ ਨਿਭਜੈ।
ਭੰਬਲ ਭੂਸਿਆਂ ਤੋਂ ਅਸੀਂ ਬਚੇ ਰਹੀਏ,
ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ।

ਕਹੱਤਰ

ਮੇਹਰਵਾਨ ਮਹਾਰਾਜ ਜਗਜੀਤ ਸਿੰਘ ਜੀ,
ਤੇਰੇ ਮੁਖੜੇ ਦੀ ਲਾਲੀ ਲਸਦੀ ਰਹੇ।
ਅਸੀਂ ਗ਼ਮੀ ਦਿਲਗੀਰੀ ਤੋਂ ਬਚੇ ਰਹੀਏ,
ਰੂਹ ਟਹਿਕਦੀ ਮਹਿਕਦੀ ਹਸਦੀ ਰਹੇ।
ਮੁਕ ਜਾਏ ਚੁਰਾਸੀ ਦਾ ਗੇੜ ਸਾਡਾ,
ਤੇਰੇ ਚਰਨਾਂ 'ਚਿ ਜ਼ਿੰਦੜੀ ਵਸਦੀ ਰਹੇ।
ਹੋਰ ਸਭ ਅਰਾਧਨਾ ਆਪ ਕਰਲੈ,
ਸਾਨੂੰ ਲੋੜ ਤੇਰੇ ਇਕੋ ਜੱਸ ਦੀ ਰਹੇ।
ਅਸੀਂ ਜੀਵ ਅਲਪੱਗ, ਅਨਜਾਣ ਉੱਕਾ,
ਐਪਰ ਸਜਨਾ! ਸਾਡਾ ਇਹ ਗੀਤ ਨਿਭਜੈ।
ਤੇਰੀ ਗੋਦੀ 'ਚ ਬੈਠ 'ਸ਼ਿੰਗਾਰ' ਲਾਈਏ,
ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ।
ਐਸ ਯੁਗ ਅੰਦਰ ਲੋਕੀਂ ਤਾਕ ਬਹੁਤੇ,
ਤੇ ਬਹੁਰੂਪੀਆਂ ਰੂਪ ਬਣਾਏ ਹੋਏ ਨੇ।
ਐਧਰ ਗੁਰੂ ਨਾਨਕ, ਔਧਰ ਐਲੀ ਅਕਬਰ,
ਕਿਤੇ ਰਾਮ ਦੇ ਝੰਡੇ ਚੜ੍ਹਾਏ ਹੋਏ ਨੇ।
ਰਾਹ ਭੁਲ ਗਏ ਬਹੁਤੇ ਮਾਨੁਖਤਾ ਦਾ,
ਹਲਵੇ ਮੰਡੇ ਦੇ ਫੰਦ ਰਚਾਏ ਹੋਏ ਨੇ।
ਸਾਨੂੰ ਦਾਤਿਆ ਤੇਰਾ ਹੀ ਆਸਰਾ ਹੈ,
ਇਸੇ ਵਾਸਤੇ ਸੀਸ ਨਿਵਾਏ ਹੋਏ ਨੇ।
ਸਾਡੇ ਵੱਸ ਕੁਝ ਨਹੀਂ ਤੁਸੀਂ ਹੋ ਮਾਲਕ,
ਐਪਰ ਅਸਾਂ ਦੀ ਪਿਛਲੀ ਨੀਤ ਨਿਭਜੈ।
ਸਾਡਾ ਤਾਂ 'ਸ਼ਿੰਗਾਰ' ਇਹ ਫਬਦਾ ਏ,
ਤੇਰੇ ਚਰਨਾਂ ਦੇ ਨਾਲ ਪ੍ਰੀਤ ਨਿਭਜੈ।

—o—

ਸੰਤ ਤਰਨ ਸਿੰਘ 'ਵਹਿਮੀ'



ਨਾਮਧਾਰੀ ਜਗਤ ਦਾ ਕਿਹੜਾ ਮਨੁਖ ਨਹੀਂ ਜਾਣਦਾ ਕਿ ਸੰਤ ਤਰਨ ਸਿੰਘ ਜੀ 'ਵਹਿਮੀ' ਹਨ। ਪਰ ਇਹਨਾਂ ਦਾ ਵਹਿਮ ਵੀ ਦੁਨੀਆਂ ਤੋਂ ਵਖਰਾ ਹੀ ਹੈ। ਵਹਿਮ ਹੈ ਆਪਣੇ ਪੰਥ ਨੂੰ ਉੱਚਿਆਂ ਵੇਖਣ ਦਾ, ਵਹਿਮ ਹੈ ਸਤਿਗੁਰੂ ਚਰਨਾਂ ਦਾ, ਵਹਿਮ ਹੈ ਨਾਮਧਾਰੀ ਇਤਿਹਾਸ ਦਾ, ਵਹਿਮ ਹੈ ਹਰ ਮਸਲੇ ਦੀ ਤਹਿ ਤੇ ਪੁਜਣ ਦਾ।

ਸ਼ੇਰੇ ਪੰਜਾਬ ਦੀ ਜਨਮ ਭੂਮੀ, ਗੁਜਰਾਂ ਵਾਲੇ ਤੋਂ ਕੇਵਲ ਤਿੰਨ ਮੀਲ ਦੂਰ ਹਿੰਦੂ-ਚੱਕ ਨਾਮੇ ਪਿੰਡ ਵਿਚ ਇਨ੍ਹਾਂ ਦਾ ਬਚਪਣ, ਜਵਾਨੀ ਤੇ ਬੁਢੇਪੇ ਦੇ ਕੁਝ ਸਾਲ ਬੀਤੇ। ਬਾਅਦ ਵਿਚ ਕੁਝ ਚਿਰ ਸੰਤ ਨਗਰ [ਹਿਸਾਰ] ਰਹੇ ਅਤੇ ਹੁਣ ਬੁੱਢੀ ਮਾੜੀ [ਹਿਸਾਰ] ਦੀ ਬੇਮਲੂਮ ਧਰਤੀ ਤੇ ਨਾਮਧਾਰੀਆਂ ਦਾ ਮੌਜੂਦਾ ਇਤਿਹਾਸ ਲਿਖਣ ਵਿਚ ਦਿਨ ਰਾਤ ਇਕ ਕਰ ਰਹੇ ਹਨ।

ਇਹਨਾਂ ਦੀ ਗੱਲ ਬਾਤ, ਲਿਖਣ, ਪੜ੍ਹਣ ਤੇ ਰਹਿਣੀ ਬਹਿਣੀ-ਗੱਲ ਕੀ ਇਹਨਾਂ ਦੇ ਸਮੂਚੇ ਜੀਵਨ ਦੇ ਇਕ ਇਕ ਪੰਨੇ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਿਆਰ ਦੀਆਂ ਮੁਹਰਾਂ ਲਗੀਆਂ ਹੋਈਆਂ ਹਨ।

ਇਹਨਾਂ ਦੇ ਅਗਾਂਹ ਵਧੂ ਅਰਮਾਨ ਤੇ ਉਚ ਉਸਾਰੀ ਦੀਆਂ ਆਸਾਂ ਸੱਠ ਪੈਂਠ ਸਾਲ ਦੀ ਉਮਰ ਵਿਚ ਵੀ ਜਵਾਨ ਹਨ।

ਇਹਨਾਂ ਦੀ ਕਵਿਤਾ ਬਾਰੇ ਕੁਝ ਕਹਿਣਾ, ਸੂਰਜ ਨੂੰ ਦੀਵਾ ਵਿਖਾਣ ਵਾਲੀ ਗੱਲ ਹੈ।

ਮਾਤਾ ਜਿਉਣ ਕੌਰ ਜੀ ਦੀ ਯਾਦ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਨੋਭਾਵ

ਸ਼ਬਦ ਸਕਤ ਨਾਲ ਨੀਂਹ ਰਖ ਸਤਿਗੁਰਾਂ,
ਕੀਤੀ ਕੁਰਬਾਨੀ ਦੇ ਕੇ ਪੱਕੀ ਬੁਨਿਆਦ ਏ।
ਰਾਮ ਬਨਬਾਸ ਨੇ ਉਦਾਸ ਸਿੱਖੀ ਬਾਗ ਕੀਤਾ,
ਗੁਰੂ ਹਰੀ ਸਿੰਘ ਜੀ ਨੇ ਹਰਾ ਤੇ ਅਬਾਦ ਏ।
ਹਰ ਦਰ ਆਏ ਨੂੰ ਰੀਝਾਇਆ ਜੀਅ ਦਾਨ ਦੇਕੇ,
ਮਾਤਾ ਜਿਉਣ ਕੌਰ,ਬਿਨਾਂ ਵਿਤਕਰੇ ਵਿਖਾਦ ਏ।
ਦਗੀ ਤੋਪੋਂ ਦੂਰ ਤਪੀ ਲੋਹ ਦਾ ਅਵਾਜ਼ ਗਿਆ,
ਸਭ ਦਰ ਪੂਜੇ ਦਿਲ ਮਾਤਾ ਜੀ ਦੀ ਯਾਦ ਏ।

ਵੇਖਿਆ ਵਿਚਾਰ ਕੇ ਸੰਸਾਰ ਉ ਜਿਥੇ ਕਿਤੇ,
ਮਾਇਆ ਮਾਨ, ਕੁਲੀ, ਜੁਲੀ, ਗੁਲੀ, ਦਾ ਫਸਾਦ ਏ।
ਮੰਗਣਾ ਜੋ ਮੂੰਹੋਂ ਉਹੋ ਮਿਲ ਜਾਣਾ ਮੁਲ ਬਿਨਾਂ,
ਔਂਦੀ ਜਦੋਂ ਯਾਦ ਦਿਲ ਹੁੰਦਾ ਸੁਆਦ ਸੁਆਦ ਏ।
ਪੀੜ੍ਹੀਆਂ ਦਾ ਵੈਰੀ ਜੇੜ੍ਹਾ ਪੀੜੇ ਵਿਚ ਵੇਲਨੇ ਦੇ,
ਉਹਦੇ ਨਾਲ ਹਿਤ ਕੀਤਾ ਵਾਂਗਰਾਂ ਕਮਾਦ ਏ।
ਮੇਰੀ ਮਾਤਾ ਜੇਹੀ ਮਾਤਾ ਮਿਲੀ ਕਿਸੇ ਗੁਰੂ ਨੂੰ ਨਾ,
(ਕਈ ਵਾਰ) ਸਤਿਗੁਰਾਂ ਕੀਤੀ ਇੰਜ ਮਾਤਾ ਜੀ ਦੀ ਯਾਦ ਏ।

ਕੌਲਾ ਸਿੰਘ ਜਹੇ ਕਈ ਸੁਣ ਆਏ ਸੁਭਾਅ ਸਖੀ,
ਪਰਖ, ਵਸ, ਵੇਖ ਪੂਰਾ ਕੀਤਾ ਇਤਕਾਦ ਏ।
ਆਏ ਨੂੰ ਸਮਾਨ, ਮਾਨ, ਜਲ ਪ੍ਰਸ਼ਾਦ ਦਿਤਾ,
ਪਾਪੀ ਹਿਤ-ਘਾਤੀ ਭਾਵੇਂ ਗਊ ਦਾ ਜੱਲਾਦ ਏ।
ਏਕਾ ਮਾਈ ਜੁਗਤ ਵਿਆਈ ਜੋ ਮੈਂ ਆਖ ਦੇਵਾਂ,
ਤਿੰਨ ਚੇਲੇ, ਤਿੰਨ ਸੁਤ ਸਹੀ ਅਨੁਵਾਦ ਏ।
ਰਾਮ ਹਰੀ ਰਮੇ ਹਰਿ ਵਿਚ ਦਾ ਪ੍ਰਗਾਸ ਜਿਵੇਂ,
ਕੀਤਾ ਜਿਉਣ ਸਕਤ ਹੀ ਵਾਕ ਬ੍ਰਹਮਾਦ ਏ।

ਮਾਤਾ ਜਿਉਣ ਕੌਰ ਜਿਨ ਜਣਿਆਂ ਪ੍ਰਤਾਪੀ ਗੁਰੂ,
ਥਾਪੀ ਮੈਨੂੰ ਦਿਤੀ ਉਸੇ ਅਗਮ ਅਗਾਧ ਏ।
ਇਹੋ ਤੇਰੀ ਬੰਦਗੀ ਏ, ਜ਼ਿੰਦਗੀ ਭੀ ਬਣੇ ਨਾਲ,
ਫੁਰਨੇ ਦੀ ਮਾਲਾ ਨਿਤ ਗੁਰ ਗੁਣਾਂਵਾਦ ਏ।
ਆਖਦੇ ਸਿਆਣੇ ਸੱਚ ਕਰਮਵੰਦਾਂ ਕਿੜ ਪੈਂਦੀ,
ਮਿਲੇ ਮਾਂ ਸੁਚੱਜੀ ਸਖੀ, ਸਮੇਂ ਹੁੰਦੀ ਲਾਧ ਏ।
ਰਖਦੀ ਮਸੂਮ ਬੱਚਾ ਮਾਤਾ ਜਿਵੇਂ ਰੱਖ ਰੱਖਾਂ,
ਰਖਣੀਆਂ ਯਾਦ ਮੱਤਾਂ ਮਾਤਾ ਜੀ ਦੀ ਯਾਦ ਏ।

ਮਾਤਾ ਜੀ ਨੇ ਪਿਤਾ [ਬਾਬਾ ਖੁਸ਼ਹਾਲ ਸਿੰਘ] ਜੀ ਦੇ ਬਚਨ ਸਦਾ ਯਾਦ ਰਖੇ

ਛਤ੍ਰੀ, ਜਰਾਬਾਂ, ਪੱਖਾ, ਘੁਟਨਾ, ਬਦੇਸੀ, ਅੰਗ,
ਸੰਗ ਨ ਛੁਹਾਇਆ ਜਿਵੇਂ ਪਿਤਾ (ਦਾ) ਅਰਸ਼ਾਦ ਏ।
ਧੱਕਿਆ ਨਾ ਖਾਲੀ ਕਦੇ ਕਰਨ ਸਵਾਲ ਪੂਰਾ,
ਛਕਿਆ ਨਾ ਮੰਜੇ ਉਤੇ ਬੈਠ ਪਰਸ਼ਾਦ ਏ।
ਕਿਸੇ ਮਨਚਲੇ ਮਾਨੀ ਹੱਥੋਂ ਦੁਧ ਡੋਹਲਿਆ ਜੇ,
ਬਿਨਾਂ ਮਾਫੀ ਮੰਗੇ ਮਾਫ ਕੀਤਾ ਅਪਰਾਧ ਏ।
ਹਾਏ ਤੀਆਂ ਧੀਆਂ ਲੀਆਂ ਮਾਤਾ ਦੀਆਂ ਨੈਣੀਆਂ ਸੀ,
ਕੈਹਣੀਆਂ ਕੀ, ਜੀ ਹਾਂ, ਸਮਾਂ ਹੋਗਿਆ ਆਜ਼ਾਦ ਏ।

ਸ੍ਰੀ ਸਤਿਗੁਰੂ ਜੀ ਮਾਤਾ ਜੀ ਦੀਆਂ ਦਿਤੀਆਂ ਮੱਤਾਂ ਬਾਰੇ ਦਸਦੇ ਹੁੰਦੇ

ਕਿਵੇਂ ਹੱਥ ਧੋਤੇ, ਥੁੱਕ ਸੁਟੀ ਨੱਕ ਸਾਫ ਕੀਤਾ,
(ਦਸ ਕਹੇ) ਰੰਦ ਦਿਤਾ ਮਾਤਾ ਜੀ ਨੇ ਵਾਂਗਰਾਂ ਖਰਾਦ ਏ।
ਬੈਠ ਜੇ ਬੱਠਾ ਬੱਚੇ, ਮੁਢੋਂ ਮਾਂ ਪਿਆਏ ਦੁਧ,
ਕਦੇ ਕੰਨ ਪੀੜ ਦਾ ਨਾ ਹੁੰਦਾ ਦੁਖ ਨਾਦ ਏ।
ਅੱਖ ਤਾਈਂ ਠੋਕਰ ਚੋਭ ਲੱਗੇ, ਪਾਈਏ ਹਾਲਿਉਂ ਜੇ,
ਬਹੁਤ ਛੇਤੀ ਫੈਦਾ ਹੁੰਦਾ ਦਰਦੋਂ ਅਹਿਲਾਦ ਏ।
ਤਰਨ ਸਿੰਘ ਸੰਗਤਾਂ ਨੇ ਕਈ ਵਾਰ ਕੈਂਦੇ ਸੁਣੇ,
(ਸਤਿਗੁਰੂ ਜੀ) ਆਹ ਭੀ ਗੁਣ ਆਹ ਭੀ ਮੱਤ ਮਾਤਾ ਜੀ ਦੀ ਯਾਦ ਏ।

ਪਛੱਤਰ

ਰਾਵਿੰਦਰਾ ਪ੍ਰੈਸ, ੧੯ ਬਾਲੀ ਨਗਰ, ਨਵੀਂ ਦਿਲੀ ਵਿਚ ਛਪਿਆ ਤੇ
ਮੰਗਲ ਸਿੰਘ ਲਾਇਲਪੁਰੀ ਨੇ ਪ੍ਰਕਾਸ਼ਤ ਕੀਤਾ ॥